16

# ਦਿਓਆਂ ਨਾਲ ਲੜਨ ਵੇਲੇ ਯਾਦ ਰੱਖਣ ਯੋਗ ਸੱਤ ਹਕੀਕਤਾਂ

## (1 ਸਮੂਏਲ 17)

ਤੁਹਾਨੂੰ ਯਾਦ ਹੈ ਕਿ ਤੁਸੀਂ ਦਾਊਦ ਅਤੇ ਦਿਓ (ਗੋਲੀਅਥ) ਦੀ ਕਹਾਣੀ ਪਹਿਲੀ ਵਾਰ ਕਦੋਂ ਸੁਣੀ ਸੀ ਅਤੇ ਇਸ ਕਹਾਣੀ ਤੋਂ ਤੁਸੀਂ ਕਿੰਨੇ ਰੋਮਾਂਚਿਤ ਹੋਏ ਸੀ? ਸ਼ਾਇਦ ਤੁਸੀਂ ਇਹ ਕਹਾਣੀ ਐਨੀ ਵਾਰ ਸੁਣ ਲਈ ਹੈ ਕਿ ਹੁਣ ਤੁਹਾਡੇ ਉੱਤੇ ਇਸ ਦਾ ਅਸਰ ਨਹੀਂ ਹੁੰਦਾ। ਇਸ ਪਾਠ ਦੇ ਮਹੱਤਵ ਨੂੰ ਸਮਝਣ ਲਈ, ਇਹ ਮੰਨ ਕੇ ਚੱਲੋ ਕਿ ਤੁਸੀਂ ਇਸ ਕਹਾਣੀ ਨੂੰ ਪਹਿਲੀ ਵਾਰ ਸੁਣ ਰਹੇ ਹੋ। ਕੀ ਤੁਸੀਂ ਅਜਿਹਾ ਕਰ ਸਕਦੇ ਹੋ? ਬਹੁਤ ਅੱਛਾ। ਤਾਂ ਆਓ ਅਸੀਂ ਬਾਈਬਲ ਦੇ ਸਭ ਤੋਂ ਵੱਧ ਰੋਮਾਂਚਕਾਰੀ ਜੋਖ਼ਮ ਦੇ ਕੰਮਾਂ ਵਿੱਚੋਂ ਇਕ ਦਾ ਅਧਿਐਨ ਕਰਦੇ ਹਾਂ।[1]

1 ਸਮੂਏਲ 17 ਦੇ ਸ਼ੁਰੂ ਵਿਚ ਇਸਰਾਏਲੀ ਲੋਕ ਜੰਗ ਵਿਚ ਲੱਗੇ ਹੋਏ ਸਨ, ''ਹੁਣ ਫ਼ਲਿਸਤੀਆਂ ਨੇ ਲੜਾਈ ਦੇ ਲਈ ਆਪਣੇ ਦਲਾਂ ਨੂੰ ਇਕੱਠਾ ਕੀਤਾ'' (ਆਇਤ 1)। ਫ਼ਲਿਸਤੀ ਲੋਕ ਭੂਮੱਧ ਸਾਗਰ ਦੇ ਟਾਪੂਆਂ ਚੋਂ ਫ਼ਲਿਸਤੀਨ ਵਿਚ ਆਏ ਸਨ ਅਤੇ ਉਨ੍ਹਾਂ ਨੇ ਸਮੁੰਦਰ ਕੰਢੇ ਸ਼ਹਿਰ ਵਸਾ ਲਏ ਸਨ। ਉਹ ਇਸਰਾਏਲੀਆਂ ਦੀ ਪਸਲੀ ਵਿਚ ਸੂਲ ਸਨ। ਅਤੇ ਹੁਣ ਉਹ ਇਸਰਾਏਲੀਆਂ ਨਾਲ ਲੜਨ ਨੂੰ ਆਏ ਸਨ।[2]

1 ਤੋਂ 3 ਆਇਤਾਂ ਵਿਚ ਇਸ ਪੂਰੇ ਨਜ਼ਾਰੇ ਨੂੰ ਵਿਖਾਇਆ ਗਿਆ ਹੈ ਕਿ ਸ਼ਾਊਲ ਬਾਦਸ਼ਾਹ ਅਤੇ ਉਹਦੀ ਫ਼ੌਜ ਡਰੇ ਹੋਏ ਇਕ ਪਹਾੜ ਉੱਤੇ ਸਨ ਜਦ ਕਿ ਦੂਜੇ ਪਾਸੇ ਫ਼ਲਿਸਤੀ ਲੋਕ ਜਮ੍ਹਾਂ ਸਨ। ਇਸ ਦੇ ਦਰਮਿਆਨ ਏਲਾ ਨਾਂਅ ਦੀ ਇਕ ਘਾਟੀ ਪੈਂਦੀ ਸੀ।[3] ਰੋਜ਼ ਸਵੇਰੇ ਦੋਵੇਂ ਫ਼ੌਜਾਂ ਹਥਿਆਰ ਬੰਨ੍ਹ ਕੇ ਜੰਗ ਲਈ ਇਕ ਦੂਜੇ ਨੂੰ ਲਲਕਾਰਦੀਆਂ ਸਨ (17:20, 21)। ਉਹ ਇਕ ਦੂਜੇ ਨੂੰ ਵੰਗਾਰਦੇ ਤਾਂ ਸਨ ਪਰ ਲੜਨ ਦੀ ਪਹਿਲ ਕੋਈ ਨਹੀਂ ਕਰਦਾ ਸੀ। ਅਖ਼ੀਰ ਵਿਚ ਫ਼ਲਿਸਤੀਆਂ ਵਿੱਚੋਂ ਇਕ ਦਿਓ ਦੇ ਜੁੱਸੇ ਵਰਗਾ ਬਹੁਤ ਵੱਡੇ ਡੀਲ ਡੌਲ ਵਾਲਾ ਆਦਮੀ ਨਿੱਕਲਿਆ ''ਉਸ ਵੇਲੇ ਫ਼ਲਿਸਤੀਆਂ ਦੇ ਡੇਰੇ ਵਿਚ ਗਾਥੀ ਗੋਲਿਅਥ ਨਾਮੇ ਇਕ ਸੂਰਮਾ ਮਨੁੱਖ ਨਿੱਕਲਿਆ। ਉਹ ਦਾ ਕੱਦ ਛੇ ਹੱਥ ਅਤੇ ਇਕ ਗਿੱਠ ਉੱਚਾ ਸੀ'' (17:4)। ਉਹ ਕਰੀਬ ਨੌਂ ਫੁੱਟ ਲੰਮਾ ਹੋਵੇਗਾ![4] ਇਹ ਮੰਨ ਕੇ ਚੱਲਦੇ ਹਾਂ ਕਿ ਗੋਲੀਅਥ ਦੇ ਜਿਸਮ ਦਾ ਅਨੁਪਾਤ ਜ਼ਿਆਦਾਤਰ ਲੋਕਾਂ ਵਰਗਾ ਹੀ ਸੀ ਅਤੇ ਉਸ ਦਾ ਵਜ਼ਨ 600–700 ਪੌਂਡ ਦੇ ਕਰੀਬ ਹੋਵੇਗਾ![5] ਉਹਨੂੰ ਚਰਬੀ ਨਹੀਂ ਚੜ੍ਹੀ ਹੋਈ ਸੀ। ਬਲਕਿ ਉਹ 600 ਤੋਂ ਵੱਧ ਪੌਂਡ ਦੇ ਪੱਠਿਆਂ ਵਾਲਾ ਆਦਮੀ ਸੀ। ਬਚਪਨ ਤੋਂ ਹੀ ਉਹ ਸਿਪਾਹੀ ਸੀ (17:33)। ਉਹ ਤਜੁਰਬੇਕਾਰ ਫ਼ੌਜੀ ਸੀ।

ਉਸ ਨੇ ਟੋਪ ਸਹਿਤ ਪੂਰੇ ਜਿਸਮ ਉੱਤੇ ਕਵਚ ਪਾਇਆ ਹੁੰਦਾ ਸੀ।[6] ਉਸ ਦੀ ''ਸੰਜੋਅ''[7]

ਦਾ ਭਾਰ 125 ਤੋਂ 150 ਪੌਂਡ ਸੀ![8] ਉਹਦੇ ਹੱਥ ਵਿਚ ਇਕ ਬਰਛਾ ਹੁੰਦਾ ਸੀ ਉਸ ਦੇ ਮੋਢਿਆਂ ਤੇ ਰੱਖੀ ਇਕ ਫਾਲਤੂ ਬਰਛੀ (KJV ਵਿਚ ਨਿਸ਼ਾਨਾ ਹੈ) ਹੁੰਦੀ ਸੀ। ਬਰਛੀ ਦਾ ਡੰਡਾ ਜੁਲਾਹੇ ਦੇ ਬੀਮ ਵਰਗਾ ਸੀ ਅਤੇ ਉਹਦਾ ਸਿਰਾ 15 ਤੋਂ 20 ਪੌਂਡ ਸੀ![9] (ਉਸ ਨੂੰ ਇਸ ਨੂੰ ਕਿਸੇ ਵੱਲ ਸੁੱਟਣ ਦੀ ਲੋੜ ਨਹੀਂ ਹੁੰਦੀ ਹੋਵੇਗੀ ਕਿਉਂਕਿ ਉਹ ਅਸਾਨੀ ਨਾਲ ਇਸ ਨੂੰ ਆਪਣੇ ਵਿਰੋਧੀ ਦੇ ਸਿਰ ਤੇ ਮਾਰ ਸਕਦਾ ਸੀ!) ਉਸ ਦਾ ਕਵਚ ਐਨਾ ਭਾਰਾ ਸੀ ਕਿ ਇਕ ਸਿਪਾਹੀ ਉਸ ਨੂੰ ਚੁੱਕ ਕੇ ਉਸ ਦੇ ਅੱਗੇ ਅੱਗੇ ਚੱਲਦਾ ਸੀ।

ਗੋਲੀਅਥ ਏਲਾਹ ਘਾਟੀ ਵਿਚ ਘੁੰਮਦਾ ਹੋਇਆ ਲਲਕਾਰਦਾ ਸੀ, ''ਆਪਣਾ ਸੂਰਮਾਂ ਹੇਠਾਂ ਭੇਜੋ ਅਤੇ ਅਸੀਂ ਉਸ ਨਾਲ ਲੜਾਂਗੇ!'' ਉਸ ਦਾ ਐਲਾਨ ਸੀ ਕਿ ''ਜੇ ਕਦੀ ਉਹ ਮੇਰੇ ਨਾਲ ਲੜਨ ਜੋਗਾ ਹੋਵੇ ਅਤੇ ਮੈਨੂੰ ਮਾਰ ਲਵੇ ਤਾਂ ਅਸੀਂ ਤੁਹਾਡੇ ਗੁਲਾਮ ਬਣਾਂਗੇ; ਪਰ ਜੇ ਕਦੀ ਉਹ ਦੇ ਉੱਤੇ ਮੈਂ ਤਕੜਾ ਹੋਵਾਂ ਅਤੇ ਉਹ ਨੂੰ ਮਾਰ ਲਵਾਂ ਤਾਂ ਤੁਸੀਂ ਸਾਡੇ ਗੁਲਾਮ ਹੋਵੋਗੇ ਅਤੇ ਸਾਡੀ ਗ਼ੁਲਾਮੀ ਕਰੋਗੇ'' (17:9)। ਇਸ ਨੂੰ ''ਇੱਕੋ ਬੰਦੇ ਨਾਲ ਲੜਨ ਦੀ ਚੁਣੌਤੀ'' ਅਤੇ ਫ਼ੌਜੀ ਝਗੜਿਆਂ ਨੂੰ ਨਿਬੇੜਨ ਦਾ ਵਾਜਬ ਢੰਗ ਕਿਹਾ ਜਾਂਦਾ ਸੀ। ਖ਼ਿਆਲ ਮਾੜਾ ਨਹੀਂ। ਅਗਲੀ ਵਾਰ ਜਦ ਲੱਗੇ ਕਿ ਦੋ ਦੇਸ਼ਾਂ ਵਿਚਕਾਰ ਲੜਾਈ ਹੋਣ ਵਾਲੀ ਹੈ ਤਾਂ ਦੋਹਾਂ ਦੇਸ਼ਾਂ ਦੇ ਇਕ ਇਕ ਲੀਡਰ ਨੂੰ ਲੜਾਈ ਵਿਚ ਭੇਜ ਕੇ ਅਸੀਂ ਸਾਰੇ ਜੰਗ ਤੋਂ ਬਚ ਸਕਦੇ ਹਾਂ!

ਆਇਤ 11 ਕਹਿੰਦੀ ਹੈ, ''ਜਿਸ ਵੇਲੇ ਸ਼ਾਊਲ ਅਤੇ ਸਾਰੇ ਇਸਰਾਏਲ ਨੇ ਉਸ ਫ਼ਲਿਸਤੀ ਦੀਆਂ ਗੱਲਾਂ ਸੁਣੀਆਂ ਤੇ ਉਹ ਘਾਬਰੇ ਅਤੇ ਬਹੁਤ ਡਰ ਗਏ।'' ਆਇਤ 16 ਟਿੱਪਣੀ ਕਰਦੀ ਹੈ ''ਸੋ ਉਹ ਫ਼ਲਿਸਤੀ ਨਿੱਤ ਸਵੇਰੇ ਅਤੇ ਤਰਕਾਲਾਂ ਨੂੰ ਨੇੜੇ ਆਉਂਦਾ ਸੀ।'' ਗੋਲੀਅਥ ਚਾਲੀ ਦਿਨਾਂ ਤਕ ਦਿਨ ਵਿਚ ਦੋ ਵਾਰ ਏਲਾਹ ਘਾਟੀ ਵਿਚ ਟਹਿਲਦਾ ਅਤੇ ਇਹ ਵੰਗਾਰਦਾ ਸੀ, ਜਿਸ ਦਾ ਮਤਲਬ ਇਹ ਹੈ ਕਿ ਉਸ ਨੇ ਕੁੱਲ ਅੱਸੀ ਵਾਰ ਵੰਗਾਰਿਆ ਸੀ। ਹੁਣ ਉਹਨੇ ਇਕਿਆਸੀਵੀਂ ਵਾਰ ਵੰਗਾਰਨਾ ਸੀ।

ਸਾਡੇ ਨੌਂ ਫੁੱਟ ਲੰਮੇ ਦਿਓ ਦਾ ਮੁਕਾਬਲਾ ਕਰਨਾ ਬੜਾ ਖੌਫ਼ਨਾਕ ਹੋਵੇਗਾ। ... ਪਰ ਸਾਨੂੰ ਸਭ ਨੂੰ ਜ਼ਿੰਦਗੀ ਵਿਚ ਉਨ੍ਹਾਂ ਗੱਲਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ ਜਿਹੜੀਆਂ ਸਾਡੀ ਜ਼ਿੰਦਗੀ ਵਿਚ ਧੁੰਦਲੇ ਜਿਹੇ ਪਰਛਾਵੇਂ ਵਿਚ ਦੈਂਤ ਜਾਂ ਦਿਓ ਹੀ ਹਨ। ਜ਼ਿੰਦਗੀ ਵਿਚ ਅੱਗੇ ਵਧਣ ਲਈ ਸਾਨੂੰ ਉਨ੍ਹਾਂ ਮੁਸ਼ਕਿਲਾਂ ਉੱਤੇ ਫ਼ਤਹਿ ਪਾਉਣੀ ਹੀ ਪਵੇਗੀ। ਹੋ ਸਕਦਾ ਹੈ ਕਿ ਇਹ ਕੋਈ ਕਾਨੂੰਨੀ ਲੜਾਈ ਹੋਵੇ, ਮਾਲਕ ਨਾਲ ਝਗੜਾ, ਕੋਈ ਬੁਰੀ ਆਦਤ, ਲਾਲਚ ਉੱਤੇ ਕਾਬੂ ਪਾਉਣਾ ਅਤੇ ਤਨਾਹ ਭਰੇ ਸਬੰਧ ਵਿਚ ਕੰਮ ਕਰਨਾ ਹੋਵੇ। ਲੋਕ ਜਾਂ ਕਿਸੇ ਤਰ੍ਹਾਂ ਦਾ ਕੋਈ ਦਬਾਅ ਹੀ ਹੋ ਸਕਦਾ ਹੈ; ਜਿਸ ਦਾ ਨਤੀਜਾ ਚਿੰਤਾ ਅਤੇ ਡਰ ਹੋਵੇ। ਜੇ ਤੁਹਾਡੀ ਜ਼ਿੰਦਗੀ ਵਿਚ ਅਜੇ ਤਕ ਅਜਿਹਾ ਕੋਈ ਦਿਓ ਨਹੀਂ ਆਇਆ, ਤਾਂ ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਕਦੇ ਨਾ ਕਦੇ ਤੁਹਾਨੂੰ ਉਸ ਦਾ ਸਾਹਮਣਾ ਜ਼ਰੂਰ ਕਰਨਾ ਪਵੇਗਾ!

ਜਿਹੜੀ ਗੱਲ ਮੈਨੂੰ ਆਪਣੀ ਜ਼ਿੰਦਗੀ ਵਿਚ ਦਿਓ ਵਰਗੀ ਲਗਦੀ ਹੈ, ਹੋ ਸਕਦਾ ਹੈ ਤੁਹਾਨੂੰ ਨਾ ਲਗਦੀ ਹੋਵੇ, ਪਰ ਹੈ ਉਹ ਦਿਓ ਹੀ। ਜੋ ਤੁਹਾਡੇ ਲਈ ਦਿਓ ਹੈ, ਹੋ ਸਕਦਾ ਹੈ ਉਹ ਮੇਰੇ ਲਈ ਨਾ ਹੋਵੇ, ਪਰ ਹੈ ਹਕੀਕਤ ਵਿਚ ਉਹ ਦਿਓ ਹੀ। ਸਾਡੇ ਵਿੱਚੋਂ ਹਰ ਕਿਸੇ ਨੂੰ ਆਪਣੀਆਂ ਖ਼ਾਸ ਅਜ਼ਮਾਇਸ਼ਾਂ ਦਾ ਸਾਹਮਣਾ ਹਰ ਰੋਜ਼ ਕਰਨਾ ਪੈਂਦਾ ਹੈ ਅਤੇ ਉਹ ਹਕੀਕਤ ਹਨ! ਕਦੇ ਕਿਸੇ ਦੂਸਰੇ ਦੇ ਦਿਓਆਂ ਨੂੰ ਘੱਟ ਕਰਕੇ ਨਾ ਸਮਝੋ।

ਦਿਓਆਂ ਦਾ ਸਾਹਮਣਾ ਕਰਦਿਆਂ ਸਾਡੇ ਸਭ ਦੇ ਸਾਹਮਣੇ ਆਉਣ ਵਾਲਿਆਂ ਅਤੇ ਸਾਨੂੰ

ਘੇਰਨ ਵਾਲੀਆਂ ਚੁਣੌਤੀਆਂ ਅਤੇ ਦਿੱਕਤਾਂ ਸਾਡੇ ਗੋਡਿਆਂ ਨੂੰ ਕਮਜ਼ੋਰ ਨਹੀਂ ਕਰ ਸਕਦੀਆਂ। ਸਵਾਲ ਇਹ ਹੈ ਕਿ ਅਸੀਂ ਜ਼ਿੰਦਗੀ ਦੇ ਗੋਲੀਅਥਾਂ ਨੂੰ ਕਿਵੇਂ *ਹਰਾ* ਸਕਦੇ ਹਾਂ? 1 ਸਮੂਏਲ 17 ਵਿਚ ਸਾਨੂੰ ਦਿਓਆਂ ਨਾਲ ਲੜਨ ਵੇਲੇ ਸੱਤ ਗੱਲਾਂ ਯਾਦ ਰੱਖਣ ਦੀ ਗੱਲ ਪਤਾ ਲਗਦੀ ਹੈ, ਇਹ ਸੱਤ ਸੱਚਾਈਆਂ ਸਾਨੂੰ ਫ਼ਤਹਿਮੰਦ ਹੋਣ ਵਿਚ ਮਦਦ ਕਰ ਸਕਦੀਆਂ ਹਨ।

## 1. ਦਿਓ ਉਦੋਂ ਆਉਂਦੇ ਹਨ ਜਦੋਂ ਤੁਹਾਨੂੰ ਉਨ੍ਹਾਂ ਦੀ ਉਮੀਦ ਵੀ ਨਹੀਂ ਹੁੰਦੀ (17:12-15, 17-23)

ਦਾਊਦ ਬੈਤਲਹਮ ਵਿਚ ਆਪਣੇ ਘਰ ਵਿਚ ਸੀ, ਉਹਦੇ ਵੱਡੇ ਤਿੰਨ ਭਰਾ ਇਸਰਾਏਲੀ ਫ਼ੌਜ ਵਿਚ ਸਨ। ਉਹ ਫ਼ਲਿਸਤੀਆਂ ਨਾਲ ਲੜਨ ਲਈ ਸ਼ਾਊਲ ਦੇ ਨਾਲ ਗਏ ਹੋਏ ਸਨ। ਸਭ ਤੋਂ ਵੱਡੇ ਮੁੰਡੇ ਨੂੰ ਲੜਾਈ ਵਿਚ ਭੇਜਣਾ ਅਤੇ ਛੋਟੇ ਨੂੰ ਘਰ ਵਿਚ ਰੱਖਣਾ ਉਸ ਵਕਤ ਦੀ ਇਕ ਰਵਾਇਤ ਸੀ। ਬੇਸ਼ੱਕ ਦਾਊਦ ਪਰਿਵਾਰ ਦਾ ਬੱਚਾ ਹੀ ਸੀ ਜੋ ਦਸਾਂ ਵਿੱਚੋਂ ਸਭ ਤੋਂ ਛੋਟਾ ਸੀ। ਹੁਣ ਉਹ ਜਵਾਨੀ ਦੀ ਦਹਲੀਜ਼ ਵਿਚ ਭਾਵ ਤੇਰਾਂ ਤੋਂ ਉੱਨੀ ਸਾਲ ਦਾ ਹੋਵੇਗਾ ਅਤੇ ਵੀਹ ਸਾਲ ਦਾ ਨਹੀਂ ਹੋਇਆ ਹੋਵੇਗਾ।[10] ਉਸ ਦਾ ਵਧੇਰੇ ਸਮਾਂ ਖੇਤਾਂ ਵਿਚ ਆਜੜੀ ਦਾ ਕੰਮ ਕਰਦਿਆਂ ਹੀ ਬੀਤਦਾ ਸੀ। ਕਦੇ ਕਦੇ ਉਹ ਬਾਦਸ਼ਾਹ ਲਈ ਬਰਬਤ ਵਜਾਉਣ ਲਈ ਸ਼ਾਊਲ ਦੇ ਮਹਿਲ ਵਿਚ ਜਾਂਦਾ ਸੀ (17: 15), (ਤੁਲਨਾ 1 ਸਮੂਏਲ 16:23), ਪਰ ਉਹਦਾ ਰੋਜ਼-ਮੱਰਾ ਦਾ ਕੰਮ ਭੇਡਾਂ ਦੀ ਰਖਵਾਲੀ ਕਰਨਾ ਹੀ ਸੀ।

ਇਕ ਦਿਨ ਯੱਸੀ ਦਾਊਦ ਨੂੰ ਕਹਿੰਦਾ ਹੈ, ''ਤੇਰੇ ਭਰਾਵਾਂ ਨੂੰ ਗਏ ਚਾਲੀ ਦਿਨ ਹੋ ਗਏ ਹਨ, ਪਤਾ ਨਹੀਂ ਉਨ੍ਹਾਂ ਦਾ ਕੀ ਬਣਿਆ ਹੋਵੇਗਾ। ਤੂੰ ਜਾ ਕੇ ਉਨ੍ਹਾਂ ਦਾ ਹਾਲ ਚਾਲ ਵੇਖ ਆ। ਇਹ ਕੁਝ ਸਮਾਨ ਉਨ੍ਹਾਂ ਲਈ ਲੈ ਜਾ ਅਤੇ ਆ ਕੇ ਮੈਨੂੰ ਉਨ੍ਹਾਂ ਦੀ ਖ਼ਬਰ ਦੇ।'' ਬੈਤਲਹਮ ਉੱਥੋਂ ਮਸਾਂ ਦਸ ਕੁ ਮੀਲ ਸੀ, ਪਰ ਪਰਿਵਾਰ ਨੂੰ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਉਨ੍ਹਾਂ ਤਿੰਨ ਭਰਾਵਾਂ ਦੀ ਕੋਈ ਖ਼ਬਰ ਨਹੀਂ ਮਿਲੀ ਸੀ। ''ਉਨ੍ਹਾਂ ਦੀ ਖ਼ਬਰ'' ਵਾਂਕ ਅੰਸ਼ (17: 18) ਦਾ ਮੂਲ ਅਰਥ ''ਉਨਾਂ ਦਾ ਨਿਸ਼ਾਨ'' (ਵੇਖੋ KJV) ਹੈ। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਦਾਊਦ ਨੇ ਇਸ ਗੱਲ ਦੇ ਸਬੂਤ ਲਈ ਕਿ ਉਹ ਸਭ ਰਾਜ਼ੀ ਖੁਸ਼ੀ ਹਨ ਉਨ੍ਹਾਂ ਦੀ ਕੋਈ ਨਿਸ਼ਾਨੀ ਲੈ ਕੇ ਆਉਣੀ ਸੀ। ''ਦਾਊਦ ਨੇ ਪ੍ਰਭਾਤ ਦੇ ਵੇਲੇ ਉੱਠ ਕੇ ਭੇਡਾਂ ਨੂੰ ਰਾਖੇ ਦੇ ਕੋਲ ਛੱਡਿਆ ਅਤੇ ਜਿੱਕੁਰ ਯੱਸੀ ਨੇ ਉਹ ਨੂੰ ਆਖਿਆ ਸੀ ਵਸਤਾਂ ਲੈ ਕੇ ਤੁਰ ਪਿਆ ਅਤੇ ਜਿਸ ਵੇਲੇ ਦਲ ਲੜਨ ਲਈ ਨਿੱਕਲਦਾ ਅਤੇ ਲੜਾਈ ਦੇ ਲਈ ਵੰਗਾਰਦਾ ਸੀ ਮੋਰਚੇ ਵਿਚ ਅੱਪੜ ਪਿਆ'' (17:20)।

ਮੈਨੂੰ ਯਕੀਨ ਹੈ ਕਿ ਏਲਾਹ ਘਾਟੀ ਵੱਲ ਨੂੰ ਜਾਣ ਵੇਲੇ ਦਾਊਦ ਦੇ ਮਨ ਵਿਚ ਦਿਓ ਨਾਂਅ ਦੀ ਕੋਈ ਗੱਲ ਨਹੀਂ ਹੋਵੇਗੀ। ਉਹ ਸਵੇਰ ਵੀ ਬਾਕੀ ਦਿਨਾਂ ਵਾਂਗ ਹੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਦਾਊਦ ਆਪਣੇ ਭਰਾਵਾਂ ਅਤੇ ਉੱਥੇ ਮੌਜੂਦ ਲੋਕਾਂ ਨੂੰ ਵੇਖਣ ਲਈ ਬੇਤਾਬ ਸੀ-ਪਰ ਉਹਨੂੰ ਇਹ ਬਿਲਕੁਲ ਪਤਾ ਨਹੀਂ ਸੀ ਕਿ ਅੱਗੇ ਕੀ ਹੋਣ ਵਾਲਾ ਹੈ, ਭਾਵ ਉਸ ਨੂੰ ਇਕ ਦਿਓ ਨਾਲ ਮੁਲਾਕਾਤ ਹੋਣ ਦਾ ਕੋਈ ਅੰਦੇਸ਼ਾ ਨਹੀਂ ਸੀ।

ਜਦ ਤੁਹਾਡੀ ਜ਼ਿੰਦਗੀ ਵਿਚ ਦਿਓ ਆਉਂਦੇ ਹਨ ਤਾਂ ਉਹ ਦਿਨ ਵੀ ਹੋਰਨਾਂ ਦਿਨਾਂ ਵਰਗਾ ਹੁੰਦਾ ਹੈ। ਤੁਸੀਂ ਸਵੇਰੇ ਉੱਠਦੇ ਹੋ। ਆਪਣੇ ਰੋਜ਼ ਮੱਰਾ ਦਾ ਕੰਮ ਕਰਦੇ ਹੋ। ਹੋ ਸਕਦਾ ਹੈ ਕਿ ਇਹ ਦਿਨ ਚੰਗਾ ਹੋਵੇ ਜਾਂ ਹੋ ਸਕਦਾ ਹੈ ਕਿ ਇਹ ਬਹੁਤ ਚੰਗਾ ਨਾ ਹੋਵੇ, ਪਰ ਇਹ ਤੁਹਾਡੀ ਜ਼ਿੰਦਗੀ ਦੇ ਦੂਸਰੇ ਜ਼ਿਆਦਾਤਰ ਦਿਨਾਂ ਵਰਗਾ ਹੀ ਹੁੰਦਾ ਹੈ। ਫਿਰ ਇਕ ਚਿੱਠੀ ... ਤਾਰ ਆਉਂਦੀ ਹੈ ...

ਜਾਂ ਟੈਲੀਫ਼ੋਨ ਦੀ ਘੰਟੀ ਵੱਜਦੀ ਹੈ ਜਾਂ ਕੋਈ ਦਰਵਾਜ਼ੇ ਤੇ ਦਸਤਕ ਦਿੰਦਾ ਹੈ। ਸ਼ਾਇਦ ਤੁਹਾਨੂੰ ਕੰਪਨੀ ਦੇ ਮਾਲਕ ਦੇ ਦਫ਼ਤਰ ਵਿਚ ਸੱਦਿਆ ਗਿਆ ਹੈ ... ਜਾਂ ਤੁਸੀਂ ਪਰੇਸ਼ਾਨ ਕਰਨ ਵਾਲੀ ਪਰ ਛੋਟੀ ਜਿਹੀ ਕਿਸੇ ਸਰੀਰਕ ਤਕਲੀਫ਼ ਲਈ ਡਾਕਟਰ ਨੂੰ ਵਿਖਾਉਣ ਜਾਂਦੇ ਹੋ ... ਘਰ ਵਾਲੀ ਆਖਦੀ ਹੈ, ''ਮੈ ਤੁਹਾਡੇ ਨਾਲ ਕੋਈ ਗੱਲ ਕਰਨੀ ਹੈ।'' ਅਚਾਨਕ ਦਿਓ ਤੁਹਾਨੂੰ ਘੇਰਾ ਪਾ ਲੈਂਦਾ ਹੈ।

ਦਾਊਦ ਏਲਾਹ ਘਾਟੀ ਵਿਚ ਪਹੁੰਚ ਕੇ ਆਪਣੀਆਂ ਚੀਜ਼ਾਂ ਸਮਾਨ ਦੇ ਰਖਵਾਲੇ ਕੋਲ ਛੱਡ ਕੇ ਆਪਣੇ ਭਰਾਵਾਂ ਨੂੰ ਵੇਖਣ ਲਈ ਚਲਿਆ ਗਿਆ। ਉਹਦੇ ਉਨ੍ਹਾਂ ਨਾਲ ਗੱਲਾਂ ਕਰਦਿਆਂ ''ਉਹ ਭਲਵਾਨ ਗਾਥੀ ਗੋਲੀਅਥ ਨਾਮੇ ਫ਼ਲਿਸਤੀ ਪਾਲਾਂ ਵਿੱਚੋਂ ਨਿੱਕਲਿਆ ਅਤੇ ਉਸ ਨੇ ਅੱਗੇ ਵਾਂਗੂ ਫੇਰ ਗੱਲਾਂ ਕੀਤੀਆਂ'' (17:23)। ਆਇਤ 10 ਵਿਚ ਇਹ ਸ਼ਬਦ ਮਿਲਦੇ ਹਨ, ''ਅੱਜ ਮੈਂ ਇਸਰਾਏਲ ਦੇ ਦਲਾਂ ਨੂੰ ਸ਼ਰਮਿੰਦਾ ਕਰਦਾ ਹਾਂ। ਮੇਰੇ ਲਈ ਕੋਈ ਮਨੁੱਖ ਠਹਿਰਾ ਲਓ ਜੋ ਅਸੀਂ ਆਪੋ ਵਿਚ ਜੁੱਧ ਕਰੀਏ।'' ਗੋਲੀਅਥ ਦੇ ਸ਼ਬਦਾਂ ਵਿਚਲੇ ਤਾਅਨੇ ਜਾਂ ਵਿਅੰਗ ਦੀ ਕਲਪਨਾ ਕਰੋ: ''ਮੈਂ ਚਾਲੀ ਦਿਨਾਂ ਤੋਂ ਇੱਥੇ ਖੜਾ ਹਾਂ। ਇਕਿਆਸੀਵੀਂ ਵਾਰ ਮੈਂ ਚੁਣੌਤੀ ਦਿੱਤੀ ਹੈ! ਪੂਰੇ ਇਸਰਾਏਲ ਵਿੱਚੋਂ ਕਿਸੇ ਦੀ ਹਿੰਮਤ ਨਹੀਂ ਹੈ ਕਿ ਮੇਰੇ ਅੱਗੇ ਖਲੋ ਸਕੇ?''

ਆਇਤ 23 ਟਿੱਪਣੀ ਕਰਦੀ ਹੈ ''ਅਤੇ ਦਾਊਦ ਨੇ (ਗੋਲਿਅਥ ਦੀਆਂ ਗੱਲਾਂ) ਸੁਣੀਆਂ।'' ਉਹ ਇਸ ਤੱਥ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਿਆ ਕਿ ਦਿਓ ਉਸ ਦੀ ਜ਼ਿੰਦਗੀ ਵਿਚ ਆ ਗਿਆ ਹੈ। ਇਸ ਨੂੰ ਲਿਖ ਕੇ ਰੱਖ ਲਓ ਕਿ ਅੱਜ ਨਹੀਂ ਤਾਂ ਕਲ, ਕਦੇ ਨਾ ਕਦੇ ਤੁਹਾਨੂੰ ਦਿਓ ਦਾ ਸਾਹਮਣਾ ਕਰਨਾ ਪਵੇਗਾ।

## 2. ਤੁਸੀਂ ਦਿਓ ਦਾ ਸਾਹਮਣਾ ਵਿਸ਼ਵਾਸ ਜਾਂ ਭੈਅ ਦੋਹਾਂ ਨਾਲ ਕਰ ਸਕਦੇ ਹੋ (17:24-27)

ਬਾਈਬਲ ਦਾ ਇਹ ਹਵਾਲਾ ਸਿਪਾਹੀਆਂ ਦੇ ਖ਼ੌਫ਼ ਅਤੇ ਦਾਊਦ ਦੇ ਵਿਸ਼ਵਾਸ ਵਿਚ ਫ਼ਰਕ ਕਰਦਾ ਹੈ। ਆਇਤ 11 ਧਿਆਨ ਦੁਆਉਂਦੀ ਹੈ: ''ਜਿਸ ਵੇਲੇ ਸ਼ਾਊਲ ਅਤੇ ਸਾਰੇ ਇਸਰਾਏਲ ਨੇ ਉਸ ਫ਼ਲਿਸਤੀ ਦੀਆਂ ਗੱਲਾਂ ਸੁਣੀਆਂ ਤਾਂ ਉਹ ਘਾਬਰੇ ਅਤੇ ਬਹੁਤ ਡਰ ਗਏ।'' ਆਇਤ 24 ਦੱਸਦੀ ਹੈ, ''ਇਸਰਾਏਲ ਦੇ ਸਭ ਲੋਕ ਉਸ ਮਨੁੱਖ ਨੂੰ ਵੇਖ ਕੇ ਉਸ ਦੇ ਅੱਗੋਂ ਭੱਜੇ ਅਤੇ ਬਹੁਤ ਡਰ ਗਏ।''

ਜਦ ਦਾਊਦ ਆਪਣੇ ਭਰਾਵਾਂ ਨਾਲ ਗੱਲਾਂ ਕਰ ਰਿਹਾ ਸੀ, ਤਾਂ ਦਿਓ ਨੇ ਬਾਹਰ ਆ ਕੇ ਆਪਣੀ ਲਲਕਾਰ ਫੇਰ ਦੁਹਰਾਈ। ਦਾਊਦ ਨੂੰ ਆਪਣੇ ਕੰਨਾਂ ਤੇ ਯਕੀਨ ਹੀ ਨਹੀਂ ਹੋਇਆ! ''ਤੁਸੀਂ ਸੁਣਿਆ ਕਿ ਉਸ ਫ਼ਲਿਸਤੀ ਨੇ ਕੀ ਕਿਹਾ?!'' ਕਿਸੇ ਨੇ ਜਵਾਬ ਨਹੀਂ ਦਿੱਤਾ। ਦਾਊਦ ਨੇ ਇੱਧਰ ਉੱਧਰ ਵੇਖਿਆ–ਅਤੇ ਉਹ ਇੱਕਲਾ ਸੀ। ਬਾਕੀ ਸਭ ਲੋਕ ਸੁਰੱਖਿਅਤ ਥਾਂ ਤੇ ਪੰਜਾਹ ਫੁੱਟ ਪਿੱਛੇ ਹਟ ਗਏ ਸਨ! ''ਉਸ (ਦਿਓ) ਨੂੰ ਵੇਖ ਕੇ ਸਭ ਲੋਕ ਉਸ ਦੇ ਅੱਗੋਂ *ਭੱਜੇ*।''

ਦਾਊਦ ਉੱਥੇ ਗਿਆ ਜਿੱਥੇ ਫ਼ੌਜੀ ਸਹਿਮ ਕੇ ਬੈਠੇ ਸਨ ਅਤੇ ਸਿਪਾਹੀ ਉਸ ਹਲਾਤ ਦੀਆਂ ਗੱਲਾਂ ਕਰ ਰਹੇ ਸਨ। ਕਿਉਂਕਿ ਕਿਸੇ ਨੇ ਵੀ ਉਸ ਦਿਓ ਨਾਲ ਲੜਨ ਲਈ ਆਪਣੇ ਆਪ ਨੂੰ ਪੇਸ਼ ਨਹੀਂ ਕੀਤਾ ਸੀ, ਇਸ ਕਰਕੇ ਸ਼ਾਊਲ ਨੇ ''ਕੁੱਜੇ ਨੂੰ ਗੁੜ ਲਾ ਦਿੱਤਾ'' ਭਾਵ ਉਸ ਨੇ ਐਲਾਨ ਕਰ ਦਿੱਤਾ ਕਿ ''ਜਿਹੜਾ ਉਸ ਫ਼ਲਿਸਤੀ ਨੂੰ ਮਾਰੇਗਾ ਮੈਂ ਉਸ ਨੂੰ ਦੌਲਤਮੰਦ ਬਣਾ ਦਿਆਂਗਾ। ਮੈਂ ਆਪਣੀ ਬੇਟੀ ਉਸ ਨੂੰ ਵਿਆਹ ਦਿਆਂਗਾ,[11] ਅਤੇ ਉਸ ਦੇ ਬਾਪ ਦੇ ਟੱਬਰ ਨੂੰ ਅਜ਼ਾਦ ਕਰ

ਦਿੱਤਾ ਜਾਵੇਗਾ''–ਜਿਸ ਦਾ ਮਤਲਬ ਇਹ ਸੀ ਕਿ ਉਸ ਨੂੰ ਸਰਕਾਰੀ ਟੈਕਸਾਂ ਅਤੇ ਸੇਵਾ ਤੋਂ ਛੋਟ ਦਿੱਤੀ ਜਾਵੇਗੀ।

ਆਓ ਜ਼ਰਾ ਰੁਕ ਕੇ ਇਸ ਸਵਾਲ ਤੇ ਗੌਰ ਕਰਦੇ ਹਾਂ: ਇਸਰਾਏਲ ਵੱਲੋਂ ਸਿਪਾਹੀਆਂ ਦੀ ਕਤਾਰ ਵਿਚ ਲੜਾਈ ਲੜਨ ਲਈ ਜਾਣ ਵਾਸਤੇ ਢੁਕਵਾਂ ਆਦਮੀ ਕੌਣ ਸੀ? ਉੱਥੇ ਸਭ ਤੋਂ ਲੰਮਾ ਅਤੇ ਚੰਗੀ ਡੀਲ ਡੌਲ ਭਾਵ ਉਸ ਦਿਓ ਜਿੰਨਾ ਵੱਡਾ ਕੌਣ ਸੀ? ਖ਼ੁਦ ਸ਼ਾਊਲ ਸੀ (1 ਸਮੂਏਲ 10:23), ਪਰ ਉਹ ਡਰਦਾ ਸੀ (1 ਸਮੂਏਲ 17:11), ਜਿਸ ਕਰਕੇ ਉਸ ਨੇ ਆਪਣੇ ਲੋਕਾਂ ਨੂੰ ਇਹ ਲਾਲਚ ਦਿੱਤੇ।

ਮੈਨੂੰ ਯਕੀਨ ਹੈ ਕਿ ਇਨ੍ਹਾਂ ਮਨਭਾਉਂਦੇ ਇਨਾਮਾਂ ਦਾ ਧਿਆਨ ਦਾਊਦ ਦੇ ਦਿਮਾਗ਼ ਵਿਚ ਵੀ ਆਇਆ ਹੋਵੇਗਾ। ਦਾਊਦ ਪਰੇਸ਼ਾਨ ਇਸ ਲਈ ਸੀ ਕਿ *ਖ਼ੁਦਾ* ਦੇ ਨਾਂਅ ਦੀ ਨਿੰਦਾ ਹੋਈ ਹੈ। ਉਸ ਦੀ ਦਿਲਚਸਪੀ ਕਿਸੇ ਇਨਾਮ ਵਿਚ ਨਹੀਂ ਸੀ ਬਲਕਿ ਉਹਨੂੰ ਤਾਂ ਖ਼ੁਦਾ ਦੀ ਇੱਜ਼ਤ ਦਾ ਧਿਆਨ ਸੀ। ਆਇਤ 26 ਦੇ ਅਖ਼ੀਰ ਵਿਚ ਦਾਊਦ ਦੇ ਸ਼ਬਦਾਂ ਤੇ ਧਿਆਨ ਦਿਓ: ''ਇਹ ਅਸੁੰਨਤੀ ਫ਼ਲਿਸਤੀ ਹੈ ਕੌਣ ਜੋ *ਜੀਉਂਦੇ ਪਰਮੇਸ਼ੁਰ* ਦੇ ਦਲਾਂ ਨੂੰ ਲੱਜਿਆਵਾਨ ਕਰੇ?''

ਸਭ ਦੇ ਅੰਦਰ ਦਾਊਦ ਵਾਲੀ ਸੋਚ ਹੋਣੀ ਜ਼ਰੂਰੀ ਹੈ! ਹਰ ਰੋਜ਼ ਅਸੀਂ ਖ਼ੁਦਾ ਦੇ ਨਾਂਅ ਦੀ ਨਿੰਦਾ ਹੁੰਦੀ ਸੁਣਦੇ ਹਾਂ–ਅਤੇ ਸਾਨੂੰ ਇਸ ਦੀ ਆਦਤ ਪੈ ਜਾਂਦੀ ਹੈ। ਅਸੀਂ ਪੱਕੇ ਹੋ ਜਾਂਦੇ ਹਾਂ ਅਤੇ ਇਸ ਵੱਲ ਧਿਆਨ ਨਹੀਂ ਦਿੰਦੇ, ਪਰ ਦਾਊਦ ਗੁੱਸੇ ਵਿਚ ਆ ਗਿਆ ਸੀ! ਉਹ ਜ਼ਿੰਦਾ ਖ਼ੁਦਾ ਦੀ ਬੇਇੱਜ਼ਤੀ ਕਰ ਰਹੇ ਸਨ। ''ਕੋਈ ਇਹਨੂੰ ਸਬਕ ਕਿਉਂ ਨਹੀਂ ਸਿਖਾਉਂਦਾ?''

ਜਦ ਦਿਓ ਸਾਡੀ ਜ਼ਿੰਦਗੀ ਵਿਚ ਆਉਂਦੇ ਹਨ, ਤਾਂ ਹੋ ਸਕਦਾ ਹੈ ਕਿ ਅਸੀਂ ਜਾਂ ਤਾਂ ਡਰ ਜਾਈਏ ਜਾਂ ਖ਼ੁਦਾ ਵਿਚ ਯਕੀਨ ਰੱਖਦੇ ਹੋਏ ਉਨ੍ਹਾਂ ਦਾ ਮੁਕਾਬਲਾ ਕਰੀਏ। ਜਾਂ ਤਾਂ ਉਸ ਤੋਂ ਹਾਰ ਮੰਨ ਲਈਏ ਜਾਂ ਫੇਰ ਖ਼ੁਦਾ ਦੇ ਨਾਂਅ ਨੂੰ ਵਡਿਆਈ ਦੇਣ ਲਈ ਉਨ੍ਹਾਂ ਦਾ ਮੁਕਾਬਲਾ ਕਰਨ ਦੇ ਮੌਕੇ ਦੇ ਰੂਪ ਵਿਚ ਵੇਖੀਏ।

## 3. ਤੁਹਾਨੂੰ ਨਿਰਾਸ਼ ਕਰਨ ਲਈ ਕੋਈ ਨਾ ਕੋਈ ਜ਼ਰੂਰ ਹੋਵੇਗਾ (17:28-33)

ਤੁਹਾਨੂੰ ਲਗਦਾ ਹੋਵੇਗਾ ਕਿ ਜਦ ਆਦਮੀ ਦੀ ਜ਼ਿੰਦਗੀ ਵਿਚ ਮੁਸ਼ਕਲਾਂ ਆਉਂਦੀਆਂ ਹਨ ਤਾਂ ਹਰ ਕੋਈ ਉਹਦੀ ਮਦਦ ਕਰਨ, ਉਹਨੂੰ ਹਮਾਇਤ ਦੇਣ ਅਤੇ ਸਹਾਰਾ ਦੇਣ ਲਈ ਆ ਜਾਂਦਾ ਹੈ–ਪਰ ਇਹ ਸੱਚ ਨਹੀਂ ਹੈ। ਇਹਦੇ ਉਲਟ ਕੋਈ ਨਾ ਕੋਈ ਅਜਿਹਾ ਜ਼ਰੂਰ ਹੋਵੇਗਾ ਜੋ ਇਹ ਕਹਿਣਾ ਚਾਹੁੰਦਾ ਹੋਵੇ, ''ਤੁਸੀਂ ਇਹ ਨਹੀਂ ਕਰ ਸਕਦੇ। ਤੁਹਾਡੇ ਵਿਚ ਇਹ ਕਰਨ ਦੀ ਲਿਆਕਤ ਨਹੀਂ ਹੈ। ਚੰਗਾ ਹੋਵੇਗਾ ਕਿ ਨਾ ਹੀ ਕਰੋ।''

ਜਦ ਦਿਓ ਨਾਲ ਲੜਨ ਦੀ ਗੱਲ ਆਈ, ਤਾਂ ਦਾਊਦ ਦੇ ਬਾਪ ਨੇ ਪਹਿਲਾਂ ਹੀ ਕਹਿ ਦਿੱਤਾ ਸੀ, *''ਤੂੰ ਬਹੁਤ ਛੋਟਾ ਹੈਂ''* ਯੱਸੀ ਨੇ ਆਪਣੇ ਤਿੰਨਾਂ ਵੱਡੇ ਮੁੰਡਿਆਂ ਨੂੰ ਫ਼ੌਜ ਵਿਚ ਭਰਤੀ ਹੋਣ ਲਈ ਭੇਜ ਦਿੱਤਾ ਸੀ, ਪਰ ਦਾਊਦ ਨੂੰ ਨਹੀਂ।

ਹੁਣ ਦਾਊਦ ਦੇ ਭਰਾ ਨੇ ਕਿਹਾ, *''ਤੂੰ ਅਜੇ ਬਹੁਤ ਛੋਟਾ ਹੈਂ।''*

> ਉਸੇ ਵੇਲੇ ਉਹ ਦੇ ਵੱਡੇ ਭਰਾ ਅਲੀਆਬ ਨੇ ਉਹ (ਦਾਊਦ) ਦੀਆਂ ਗੱਲਾਂ ਸੁਣੀਆਂ ਜੋ ਉਹ ਲੋਕਾਂ ਨਾਲ ਕਰ ਰਿਹਾ ਸੀ ਅਤੇ ਅਲੀਆਬ ਦਾ ਕ੍ਰੋਧ ਦਾਊਦ ਉੱਤੇ

ਜਾਗਿਆ ਅਤੇ ਉਹ ਬੋਲਿਆ, ਤੂੰ ਕਾਹਨੂੰ ਐਥੇ ਲਹਿ ਆਇਆ ਹੈਂ[12] ਅਤੇ ਉੱਥੇ ਉਜਾੜ ਵਿਚ ਉਨ੍ਹਾਂ ਥੋੜ੍ਹੀਆਂ ਜੇਹੀਆਂ ਭੇਡਾਂ ਨੂੰ ਤੂੰ ਕਿਸ ਗੋਚਰੇ ਛੱਡ ਆਇਆ ਹੈ? ਮੈਂ ਤੇਰੀ ਦੌੜ ਅਤੇ ਤੇਰੇ ਮਨ ਦੀ ਬੁਰਿਆਈ ਨੂੰ ਜਾਣਦਾ ਹਾਂ। ਤੂੰ ਲੜਾਈ ਦੇ ਵੇਖਣ ਨੂੰ ਹੀ ਲਹਿ ਆਇਆ ਹੈਂ (17:28)।

ਯਾਦ ਰੱਖੋ ਕਿ ਅਲਿਆਬ ਕੌਣ ਸੀ। ਉਹ ਅਗਲਾ ਬਾਦਸ਼ਾਹ ਚੁਣੇ ਜਾਣ ਲਈ ਸਮੂਏਲ ਦੇ ਉੱਥੇ ਆਉਣ ਵੇਲੇ ਸਭ ਤੋਂ ਪਹਿਲਾਂ ਘਰ ਪਹੁੰਚਿਆ ਸੀ। ਸਮੂਏਲ ਨੂੰ ਲੱਗਾ ਸੀ ਕਿ ''ਉਹੀ ਚੁਣਿਆ ਹੋਇਆ ਹੋਵੇਗਾ!'' ਪਰ ਖ਼ੁਦਾ ਨੇ ਸਮੂਏਲ ਦੇ ਮੋਢੇ ਤੇ ਹੱਥ ਰੱਖ ਕੇ ਕਿਹਾ ਸੀ, ''ਨਹੀਂ, ਇਹ ਉਹ ਨਹੀਂ ਹੈ। ਮੈਂ ਮਨੁੱਖ ਵਾਂਗੂ ਬਾਹਰੋਂ ਨਹੀਂ ਵੇਖਦਾ। ਮੈਂ ਤਾਂ ਦਿਲ ਨੂੰ ਵੇਖਦਾ ਹਾਂ'' (ਵੇਖੋ 1 ਸਮੂਏਲ 16:6, 7)। ਫਿਰ ਅਲਿਆਬ ਆਪਣੇ ਸਭ ਤੋਂ ਛੋਟੇ ਭਰਾ ਦੇ ਸਿਰ ਤੇ ਸਿੰਗ ਦਾ ਤੇਲ ਡੁੱਲ੍ਹਦੇ ਹੋਏ ਵੇਖ ਰਿਹਾ ਸੀ। ਈਰਖਾ ਉਸ ਨੂੰ ਖਾਈ ਜਾ ਰਹੀ ਸੀ। ਉਸ ਨੇ ਦਾਊਦ ਦੇ ਮਕਸੱਦਾਂ ਅਤੇ ਉਸ ਦੇ ਮਨ ਦੀ ਬੇਇੱਜ਼ਤੀ ਕੀਤੀ ਸੀ।

ਦਾਊਦ ਦੀ ਸੁਭਾਵਕ ਪ੍ਰਤੀਕ੍ਰਿਆ ਆਪਣੇ ਭਰਾ ਨਾਲ ਲੜਾਈ ਕਰਨ ਨਾਲ ਹੋਣੀ ਸੀ। ਭਲਾ ਤੁਹਾਡਾ ਕੋਈ ਭਰਾ ਜਾਂ ਭੈਣ ਹੈ? ਤੁਹਾਡੇ ਕਦੇ ਉਨ੍ਹਾਂ ਨਾਲ ਲੜਾਈ ਹੋਈ ਹੈ? ਜੇ ਦਾਊਦ ਸਾਡੇ ਵਰਗਾ ਹੁੰਦਾ ਤਾਂ ਪਹਿਲਾਂ ਉਸ ਦੀ ਲੜਾਈ ਅਲਿਆਬ ਨਾਲ ਹੋਣੀ ਸੀ। ਦਿਓਆਂ ਦਾ ਮੁਕਾਬਲਾ ਕਰਨ ਵੇਲੇ ਅਸੀਂ ਅਕਸਰ ਇਵੇਂ ਹੀ ਕਰਦੇ ਹਾਂ। ਦਿਓਆਂ ਨਾਲ ਲੜਨ ਲਈ ਆਪਣੀ ਸ਼ਕਤੀ ਵਰਤਣ ਦੀ ਥਾਂ ਅਸੀਂ ਲੋਕਾਂ ਨਾਲ ਲੜਨ ਲਗਦੇ ਹਾਂ। ਅਸੀਂ ਨਰਾਜ਼ ਹੁੰਦੇ ਹਾਂ ਅਤੇ ਆਪਣਾ ਗੁੱਸਾ ਆਪਣੇ ਨਜ਼ਦੀਕੀ ਲੋਕਾਂ ਤੇ ਕੱਢ ਕੇ ਆਪਣੀ ਸ਼ਕਤੀ ਘਟਾਉਂਦੇ ਹਾਂ। ਜਿਸ ਦੀ ਵਰਤੋਂ ਦਿਓਆਂ ਨੂੰ ਹਰਾਉਣ ਲਈ ਕੀਤੀ ਜਾਣੀ ਚਾਹੀਦੀ ਸੀ।

ਪਰ ਦਾਊਦ ਨੇ ਆਪਣੇ ਭਰਾ ਨਾਲ ਲੜਾਈ ਵਿਚ ਪੈਣ ਤੋਂ ਨਾਂਹ ਕਰ ਦਿੱਤੀ। ਜਿਸ ਕਰਕੇ ਉਸ ਨੇ ਕਿਹਾ, ''ਤੁਸੀਂ ਇਹੋ ਜਿਹੀਆਂ ਗੱਲਾਂ ਕਿਉਂ ਕਰ ਰਹੇ ਹੋ? ਮੈਂ ਕੀ ਗਲਤ ਕੀਤਾ ਹੈ?'' (ਵੇਖੋ 1 ਸਮੂਏਲ 17:29)। ਫੇਰ ਉਹ ਪਰਤ ਕੇ ਕਿਸੇ ਹੋਰ ਨਾਲ ਗੱਲਾਂ ਕਰਨ ਲੱਗਾ। ਹੇਠਾਂ ਘਾਟੀ ਵਿਚ ਇਕ ਦਿਓ ਦੇ ਹੁੰਦੇ ਹੋਏ ਉਹ ਆਪਣੇ ਲੋਕਾਂ ਦੇ ਡੇਰੇ ਵਿੱਚੋਂ ਕਿਸੇ ਨਾਲ ਲੜਨ ਵਾਲਾ ਨਹੀਂ ਸੀ।[13]

ਦਾਊਦ ਦੀਆਂ ਗੱਲਾਂ ਸ਼ਾਊਲ ਦੇ ਕੰਨੀਂ ਪਈਆਂ ਅਤੇ ਸ਼ਾਊਲ ਨੇ ਦਾਊਦ ਨੂੰ ਸੱਦ ਲਿਆ। ਦਾਊਦ ਨੇ ਬਾਦਸ਼ਾਹ ਨੂੰ ਕਿਹਾ, ''ਉਸ ਮਨੁੱਖ ਕਰਕੇ ਕਿਸੇ ਦਾ ਮਨ ਨਾ ਘਾਬਰੇ। ਤੁਹਾਡਾ ਦਾਸ ਜਾਵੇਗਾ ਅਤੇ ਉਸ ਫ਼ਲਿਸਤੀ ਨਾਲ ਲੜੇਗਾ'' (17:32)।

ਹੁਣ ਸ਼ਾਊਲ ਦਾਊਦ ਦਾ ਹੌਂਸਲਾ ਢਾਉਣ ਦੀ ਕੋਸ਼ਿਸ਼ ਕਰਦਾ ਹੈ। ਉਸ ਨੇ ਆਖਿਆ, ''ਤੂੰ ਉਸ ਫ਼ਲਿਸਤੀ ਦਾ ਸਾਹਮਣਾ ਕਰਨ ਅਤੇ ਉਹ ਦੇ ਨਾਲ ਲੜਨ ਜੋਗਾ ਨਹੀਂ ਹੈਂ ਕਿਉਂ ਜੋ ਤੂੰ ਮੁੰਡਾ ਹੀ ਹੈਂ'' (17:33)।[14] ''ਤੈਨੂੰ ਕੀ ਪਤਾ ਕਿ ਲੜਾਈ ਕਿਵੇਂ ਕੀਤੀ ਜਾਂਦੀ ਹੈ? ਤੂੰ ਤਾਂ ਬੱਚਾ ਹੀ ਹੈਂ ਜਿਸ ਨੂੰ ਆਪਣੀਆਂ ਭੇਡਾਂ ਦੀ ਹਿਫ਼ਾਜ਼ਤ ਕਰਨੀ ਚਾਹੀਦੀ ਹੈ। ਦੂਜੇ ਪਾਸੇ ਇਹ ਦਿਓ ਤਾਂ ਬਚਪਨ ਤੋਂ ਹੀ ਜੰਗ ਦੀ ਸਿਖਲਾਈ ਲੈ ਰਿਹਾ ਹੈ। *ਨਹੀਂ, ਤੈਨੂੰ ਕੋਈ ਤਜਰਬਾ ਨਹੀਂ ਹੈ।''*

ਹਰ ਕਿਸੇ ਨੇ ਇਸ ਜਵਾਨ ਨੂੰ ਗੋਲੀਅਥ ਨਾਲ ਲੜਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਕੁਝ ਦੇਰ ਬਾਅਦ ਦਿਓ ਨੇ ਆਪ ਕਿਹਾ, *''ਤੂੰ ਤਾਂ ਬੱਚਾ ਹੈਂ! ਤੂੰ ਕਮਜ਼ੋਰ ਹੈਂ! ਤੇਰੇ ਕੋਲ ਤਾਂ ਹਥਿਆਰ ਵੀ ਨਹੀਂ ਹੈ!''* (ਵੇਖੋ 17:42, 43)।

ਜਦ ਤੁਸੀਂ ਕਿਸੇ ਦਿਓ ਦਾ ਸਾਹਮਣਾ ਕਰ ਰਹੇ ਹੋਵੋ, ਤਾਂ ਤੁਹਾਨੂੰ ਹੌਂਸਲਾ ਢਾਉਣ

ਵਾਲੀਆਂ ਬਹੁਤ ਸਾਰੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਉਹ ਤੁਹਾਡੇ ਪਰਿਵਾਰ ਵੱਲੋਂ ਵੀ ਹੋ ਸਕਦੀਆਂ ਹਨ (ਜਿਵੇਂ ਦਾਊਦ ਦੇ ਪਿਤਾ ਅਤੇ ਉਸ ਦੇ ਭਰਾ ਨੇ ਉਸ ਦਾ ਹੌਂਸਲਾ ਢਾਇਆ ਸੀ), ਕਿਸੇ ਅਜਿਹੇ ਆਦਮੀ ਵੱਲੋਂ ਵੀ ਹੋ ਸਕਦੀਆਂ ਹਨ ਜਿਸ ਨੂੰ ਤੁਸੀਂ ਆਪਣਾ ਦੋਸਤ ਮੰਨਦੇ ਹੋਵੋ (ਯਾਦ ਰੱਖੋ ਕਿ ਦਾਊਦ ਪਹਿਲਾਂ ਸ਼ਾਊਲ ਲਈ ਬਰਬਤ ਵਜਾਉਂਦਾ ਸੀ) ਜਾਂ ਕਿਸੇ ਅਜਿਹੇ ਆਦਮੀ ਵੱਲੋਂ ਹੋ ਸਕਦੀ ਹੈ ਜਿਹੜਾ (ਗੋਲੀਅਥ ਵਾਂਗ) ਤੁਹਾਨੂੰ ਪਸੰਦ ਨਾ ਕਰਦਾ ਹੋਵੇ। ਤੁਸੀਂ ਵੇਖ ਸਕਦੇ ਹੋ ਕਿ ਕਿਸੇ ਨਾ ਕਿਸੇ ਰੂਪ ਵਿਚ ਰੁਕਾਵਟਾਂ ਤਾਂ ਆਉਣਗੀਆਂ। ਉਨ੍ਹਾਂ ਲਈ ਆਪਣੇ ਮਨ ਨੂੰ ਤਿਆਰ ਕਰੋ ਅਤੇ ਜੇ ਲੋਕ ਇਹ ਆਖਣ ਕਿ ''ਤੁਸੀਂ ਇਹ ਨਹੀਂ ਕਰ ਸਕਦੇ!'' ਤਾਂ ਹੈਰਾਨ ਨਾ ਹੋਵੋ।

## 4. ਆਪਣੇ ਦਿਓਆਂ ਨਾਲ ਮੁਲਾਕਾਤ ਤੋਂ ਪਹਿਲਾਂ ਤਿਆਰੀ ਜ਼ਰੂਰ ਕਰੋ (17:34-37)

ਜੇ ਤੁਹਾਨੂੰ ਲਗਦਾ ਹੈ ਕਿ ''ਮੈਂ ਮੁਸ਼ਕਿਲ ਆਉਣ ਤਕ ਉਡੀਕ ਕਰਾਂਗਾ ਅਤੇ ਫਿਰ ਉਸ ਦਾ ਮੁਕਾਬਲਾ ਕਰਾਂਗਾ,'' ਤਾਂ ਹੋ ਸਕਦਾ ਹੈ ਕਿ ਗੋਲੀਅਥ ਵਰਗਾ ਕੋਈ ਪਿੱਛੋਂ ਆ ਕੇ ਤੁਹਾਨੂੰ ਚਿੱਤ ਕਰ ਦੇਵੇ। ਆਪਣੇ ਦਿਓਆਂ ਦਾ ਸਾਹਮਣਾ ਕਰਨ ਲਈ ਤੁਹਾਨੂੰ *ਪਹਿਲਾਂ ਤੋਂ* ਤਿਆਰ ਹੋਣਾ ਚਾਹੀਦਾ ਹੈ।

ਦਾਊਦ ਨੇ ਗੋਲੀਅਥ ਦਾ ਸਾਹਮਣਾ ਕਰਨ ਲਈ ਭੇਡਾਂ ਦੀ ਹਿਫ਼ਾਜ਼ਤ ਕਰਦਿਆਂ ਸ਼ੇਰਾਂ ਅਤੇ ਰਿੱਛਾਂ ਦਾ ਮੁਕਾਬਲਾ ਕਰਕੇ ਆਪਣੇ ਆਪ ਨੂੰ ਪਹਿਲਾਂ ਹੀ ਤਿਆਰ ਕਰ ਲਿਆ ਸੀ। ਜਦ ਸ਼ਾਊਲ ਨੇ ਦਾਊਦ ਦੀ ਹਿੰਮਤ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਦਾਊਦ ਦਾ ਜਵਾਬ ਸੀ:

> ਤੁਹਾਡਾ ਦਾਸ ਆਪਣੇ ਪਿਉ ਦੀਆਂ ਭੇਡਾਂ ਦੀ ਰਾਖੀ ਕਰਦਾ ਸੀ ਅਤੇ ਜਾਂ ਇੱਕ ਸ਼ੇਰ ਅਤੇ ਇਕ ਰਿੱਛ ਆਇਆ ਅਤੇ ਇੱਜੜ ਵਿੱਚੋਂ ਇਕ ਬੱਚਾ ਲੈ ਗਿਆ। ਤਾਂ ਮੈਂ ਉਹ ਦੇ ਮਗਰ ਨਿੱਕਲਿਆ ਅਤੇ ਉਸ ਨੂੰ ਮਾਰਿਆ ਅਰ ਉਸ ਦੇ ਮੂੰਹ ਵਿੱਚੋਂ ਉਹਨੂੰ ਛੁਡਾਇਆ ਅਤੇ ਜਾਂ ਉਹ ਮੇਰੇ ਉੱਤੇ ਆਣ ਪਿਆ ਤਾਂ ਮੈਂ ਉਸ ਨੂੰ ਵਰਾਛੋਂ ਫੜ ਕੇ ਮਾਰਿਆ ਅਤੇ ਉਸ ਨੂੰ ਜਿੰਦੋਂ ਮੁਕਾਇਆ। ਤੁਹਾਡੇ ਦਾਸ ਨੇ ਸ਼ੇਰ ਅਤੇ ਰਿੱਛ ਦੋਹਾਂ ਨੂੰ ਜਿੰਦੋਂ ਮੁਕਾਇਆ ਸੋ ਇਹ ਅਸੁੰਨਤੀ ਫਲਿਸਤੀ ਉਨ੍ਹਾਂ ਵਿੱਚੋਂ ਇਕ ਵਰਗਾ ਹੋਵੇਗਾ ਜੋ ਜੀਉਂਦੇ ਪਰਮੇਸ਼ੁਰ ਦੇ ਦਲਾਂ ਨੂੰ ਲੱਜਿਆਵਾਨ ਕਰ ਰਿਹਾ ਹੈ (17:34–36)।

ਦਾਊਦ ਨੇ ਗੋਲੀਅਥ ਨਾਲ ਲੜਨ ਦੀ ਤਿਆਰੀ ਜੰਗ ਦੇ ਮੈਦਾਨ ਵਿਚ ਨਹੀਂ ਬਲਕਿ ਬਹੁਤ ਪਹਿਲਾਂ ਚਰਾਂਦ ਵਿਚ ਕੀਤੀ ਸੀ। ਉਸ ਨੂੰ ਸ਼ੇਰਾਂ ਅਤੇ ਰਿੱਛਾਂ ਦਾ ਮੁਕਾਬਲਾ ਕਰਨ ਦੀ ਲੋੜ ਨਹੀਂ ਸੀ। ਜੇ ਉਹ ਉਨ੍ਹਾਂ ਦੇ ਸਾਹਮਣਿਓਂ ਨੱਸ ਵੀ ਜਾਂਦਾ ਤਾਂ ਭੇਡਾਂ ਦੇ ਇਲਾਵਾ ਕਿਸੇ ਨੂੰ ਪਤਾ ਨਹੀਂ ਲੱਗਣਾ ਸੀ ਅਤੇ ਉਨ੍ਹਾਂ ਨੇ ਕਿਸੇ ਨੂੰ ਦੱਸਣਾ ਵੀ ਨਹੀਂ ਸੀ। ਉਸਨੂੰ ਇਨ੍ਹਾਂ ਖ਼ਤਰਨਾਕ ਜਾਨਵਰਾਂ ਦਾ ਮੁਕਾਬਲਾ ਕਰਨ ਲਈ ਫ਼ਰਜ਼ ਨਿਭਾਉਣ ਦਾ ਕੋਈ ਇਨਾਮ ਨਹੀਂ ਮਿਲਿਆ। ਉਸ ਨੇ ''ਅੱਜ ਦਾ ਹੀਰੋ'' ਦੇ ਰੂਪ ਵਿਚ ਰਾਤ ਦਸ ਵਜੇ ਦੀਆਂ ਖ਼ਬਰਾਂ ਲਈ ਫ਼ੋਟੋ ਨਹੀਂ ਖਿਚਵਾਈ ਸੀ। ਕਿਸੇ ਭੇਡ ਨੇ ਉਸ ਨੂੰ ''ਸ਼ੁਕਰੀਆ'' ਵੀ ਨਹੀਂ ਕਿਹਾ ਸੀ (ਭੇਡਾਂ ਤਾਰੀਫ਼ ਕਰਨ ਵਿਚ ਕੰਜੂਸ ਹੁੰਦੀਆਂ ਹਨ)! ਸ਼ੇਰਾਂ ਅਤੇ ਰਿੱਛਾਂ ਦਾ ਮੁਕਾਬਲਾ ਕਰਨਾ ਆਜੜੀ ਦਾ ਕੰਮ ਹੁੰਦਾ ਸੀ ਅਤੇ ਦਾਊਦ ਨੇ ਆਪਣਾ ਕੰਮ ਕੀਤਾ ਸੀ।

ਜ਼ਿੰਦਗੀ ਨਾਲ ਮੁਲਾਕਾਤ ਜਾਂ ਮੁਕਾਬਲਾ ਕਰਨ ਲਈ ਤੁਹਾਨੂੰ ਤਿਆਰੀ ਅੰਦਰੋਂ ਹੀ ਮਿਲਦੀ ਹੈ। ਕਹਿਣ ਤੋਂ ਭਾਵ ਇਹ ਕਿ ਛੋਟੇ ਛੋਟੇ ਦਿਓਆਂ ਦਾ ਮੁਕਾਬਲਾ ਕਰਕੇ ਹੀ ਜ਼ਿੰਦਗੀ ਵਿਚ ਆਉਣ ਵਾਲੇ ਦਿਓਆਂ ਲਈ ਤਿਆਰੀ ਹੁੰਦੀ ਹੈ। ਜ਼ਿੰਦਗੀ ਦੀਆਂ ਛੋਟੀਆਂ ਛੋਟੀਆਂ ਮੁਸ਼ਕਿਲਾਂ ਨੂੰ ਅਣਗੌਲਿਆਂ ਕਰਕੇ ਤੁਸੀਂ ਵੱਡੀਆਂ ਵੱਡੀਆਂ ਮੁਸ਼ਕਿਲਾਂ ਨੂੰ ਸੱਦਾ ਦਿੰਦੇ ਹੋ, ਪਰ ਉਨ੍ਹਾਂ ਦਾ ਮੁਕਾਬਲਾ ਡਟ ਕੇ ਕਰਨ ਨਾਲ ਖ਼ੁਦਾ ਦੀ ਮਦਦ ਨਾਲ ਉਨ੍ਹਾਂ ਨੂੰ ਹਰਾ ਦਿੰਦੇ ਹੋ।

ਗੋਲੀਅਥ ਨਾਲ ਲੜਨ ਲਈ ਦਾਊਦ ਦੀ ਸਭ ਤੋਂ ਵਧੀਆ ਤਿਆਰੀ ਖ਼ੁਦਾ ਨਾਲ ਆਪਣਾ ਸਬੰਧ ਬਣਾਉਣ ਦੀ ਹੈ। ਧਿਆਨ ਦਿਓ ਕਿ ਸ਼ੇਰਾਂ ਅਤੇ ਰਿੱਛਾਂ ਨੂੰ ਮਾਰਨ ਦੀ ਗੱਲ ਕਹਿੰਦਿਆਂ ਉਸਨੇ ਵਡਿਆਈ ਕਿਸ ਨੂੰ ਦਿੱਤੀ: ''ਜਿਸ *ਯਹੋਵਾਹ* ਨੇ ਮੈਨੂੰ ਸ਼ੇਰ ਦੇ ਪੰਜੇ ਅਤੇ ਰਿੱਛ ਦੇ ਪੰਜੇ ਤੋਂ ਛੁਡਾਇਆ ਹੈ ਉਹੋ ਹੀ ਮੈਨੂੰ ਉਸ ਫ਼ਲਿਸਤੀ ਦੇ ਹੱਥੋਂ ਛੁਡਾਵੇਗਾ'' (17:37)। ਦਾਊਦ ਦਾ ਵਿਸ਼ਵਾਸ ਖ਼ੁਦਾ ਵਿਚ ਸੀ! ''ਫ਼ਤਹਿ ਇਹ ਹੈ ਜਿਹ ਨੇ ਸੰਸਾਰ ਉੱਤੇ ਫ਼ਤਹਿ ਪਾਈ ਅਰਥਾਤ ਸਾਡੀ ਨਿਹਚਾ'' (1 ਯੂਹੰਨਾ 5:4)।

ਇਸ ਮੁੱਛ ਫੁੱਟ ਗੱਭਰੂ ਦੀ ਫ਼ੌਜ ਵਿਚ ਭਰਤੀ ਵੀ ਨਹੀਂ ਹੋਈ ਸੀ ਤਾਂ ਫਿਰ ਖ਼ੁਦਾ ਵਿਚ ਉਸ ਦਾ ਵਿਸ਼ਵਾਸ ਕਿਵੇਂ ਵਧਿਆ? ਉਸ ਦਾ ਵਿਸ਼ਵਾਸ ਉਵੇਂ ਹੀ ਵਧਿਆ ਸੀ ਜਿਵੇਂ ਉਸ ਦੇ ਭਰਾਵਾਂ ਅਤੇ ਸ਼ਾਊਲ ਦਾ ਵਿਸ਼ਵਾਸ ਵਧ ਸਕਿਆ, ਜਿਵੇਂ ਸਾਡੇ ਵਿੱਚੋਂ ਹਰ ਕਿਸੇ ਦਾ ਵਿਸ਼ਵਾਸ ਵਧ ਸਕਦਾ ਹੈ। ਉਸ ਨੇ ਖ਼ੁਦਾ ਅਤੇ ਖ਼ੁਦਾ ਦੇ ਵਚਨ ਉੱਤੇ ਧਿਆਨ ਲਾਇਆ। ਅਤੇ ਉਨ੍ਹਾਂ ਸਭ ਜਿੱਤਾਂ ਤੇ ਵੀ ਜਿਹੜੀਆਂ ਖ਼ੁਦਾ ਨੇ ਉਸ ਨੂੰ ਦਿੱਤੀਆਂ ਸਨ (ਰੋਮੀਆਂ 10:17)।

ਸਾਡੀ ਮੁਸ਼ਕਿਲ ਇਹ ਹੈ ਕਿ ਅਸੀਂ ਭੁੱਲ ਜਾਣ ਵਾਲੀਆਂ ਗੱਲ ਨੂੰ ਯਾਦ ਰੱਖਦੇ ਹਾਂ ਅਤੇ ਯਾਦ ਰੱਖਣ ਵਾਲੀ ਗੱਲ ਨੂੰ ਭੁੱਲ ਜਾਂਦੇ ਹਾਂ। ਸਾਨੂੰ ਆਪਣੀਆਂ ਨਾਕਾਮੀਆਂ ਤਾਂ ਯਾਦ ਰਹਿੰਦੀਆਂ ਹਨ ਪਰ ਉਹ ਜਿੱਤਾਂ ਜਿਹੜੀਆਂ ਖ਼ੁਦਾ ਨੇ ਸਾਨੂੰ ਦਿੱਤੀਆਂ ਹਨ, ਅਸੀਂ ਭੁੱਲ ਜਾਂਦੇ ਹਾਂ। ਸੀ. ਐਚ. ਸਪਰਜਨ ਨੇ ਲਿਖਿਆ, ''ਅਸੀਂ ਆਪਣੇ ਫ਼ਾਇਦਿਆਂ ਨੂੰ ਤਾਂ ਭੁੱਲ ਜਾਂਦੇ ਹਾਂ ਪਰ ਜ਼ਖ਼ਮਾਂ ਨੂੰ ਸੰਗਮਰਮਰ ਉੱਤੇ ਲਿੱਖ ਦਿੰਦੇ ਹਾਂ ... ਅਸੀਂ ... ਆਪਣੀਆਂ ਤਕਲੀਫ਼ਾਂ ਨੂੰ ਤਾਂ ਪਿੱਤਲ ਉੱਤੇ ਪਰ ਖ਼ੁਦਾ ਵੱਲੋਂ ਦਿੱਤੇ ਛੁਟਕਾਰੇ ਨੂੰ ਪਾਣੀ ਉੱਤੇ ਲਿਖਦੇ ਹਾਂ''[15] ਜੇ ਪਿਛਲੀਆਂ ਹਾਰਾਂ ਨੂੰ ਯਾਦ ਕਰਨ ਦੀ ਥਾਂ ਅਸੀਂ ਇਹੀ ਯਾਦ ਰੱਖੀਏ ਕਿ ਖ਼ੁਦਾ ਸਾਡੀਆਂ ਮੁਸ਼ਕਿਲਾਂ ਨਾਲ ਨਜਿੱਠਣ ਲਈ ਸਾਡੀ ਮਦਦ ਕਿਵੇਂ ਕਰਦਾ ਰਿਹਾ ਹੈ, ਤਾਂ ਅਸੀਂ ਆਪਣੀ ਜ਼ਿੰਦਗੀ ਵਿਚ ਆਉਣ ਵਾਲੇ ਬਿਨ ਬੁਲਾਏ ਗੋਲੀਅਥਾਂ ਦਾ ਮੁਕਾਬਲਾਂ ਕਰਨ ਨੂੰ ਤਿਆਰ ਹੋਵਾਂਗੇ।

## 5. ਚੰਗੀ ਤਰ੍ਹਾਂ ਨਾਲ ਤਿਆਰੀ ਕਰੋ ਅਤੇ ਫਿਰ ਖ਼ੁਦਾ ਤੇ ਨਿਰਭਰ ਹੋਵੋ (17:37-47)

ਸ਼ਾਊਲ ਜ਼ਰੂਰ ਨਿਰਾਸ਼ ਹੋਇਆ ਹੋਵੇਗਾ; ਮੈਨੂੰ ਅਜਿਹਾ ਕੋਈ ਕਾਰਣ ਨਹੀਂ ਲਗਦਾ ਕਿ ਉਹ ਇਸ ਮੁੰਡੇ ਨੂੰ ਦਿਓ ਨਾਲ ਲੜਨ ਲਈ ਭੇਜਦਾ।[16] ਸ਼ਾਊਲ ਨੇ ਦਾਊਦ ਨੂੰ ਆਖਿਆ: ''ਜਾਹ ਫਿਰ ਅਤੇ ਯਹੋਵਾਹ ਤੇਰੇ ਨਾਲ ਹੋਵੇ'' (17:37)। ਭਲਾ ਇਹ ਅਫ਼ਸੋਸਨਾਕ ਨਹੀਂ ਲਗਦਾ ਕਿ ਬਾਦਸ਼ਾਹ ਨੂੰ ਇਹ ਤਾਂ ਪਤਾ ਸੀ ਕਿ ਵਿਸ਼ਵਾਸ ਕੀ ਹੁੰਦਾ ਹੈ (1 ਸਮੂਏਲ 23:21 ਵੀ ਵੇਖੋ), ਪਰ ਉਹ ਵਿਸ਼ਵਾਸ ਨਾਲ ਚੱਲਦਾ ਨਹੀਂ ਸੀ? ਜੇ ਸ਼ਾਊਲ ਦਾ ਵਿਸ਼ਵਾਸ ਸਚਮੁਚ ਖ਼ੁਦਾ ਉੱਤੇ ਸੀ ਕਿ ਖ਼ੁਦਾ ਦਾਊਦ ਦੇ ਨਾਲ ਹੋ ਕੇ ਉਸ ਨੂੰ ਜਿੱਤ ਦੁਆਵੇਗਾ ਤਾਂ ਸ਼ਾਊਲ ਆਪ ਵੀ ਜੰਗ ਦੇ ਮੈਦਾਨ ਵਿਚ ਜਾ ਸਕਦਾ ਸੀ!

ਅਸੀਂ ਦਾਊਦ ਦੇ ਆਲੇ ਦੁਆਲੇ ਦੇ ਲੋਕਾਂ ਦੇ ਆਤਮ ਵਿਸ਼ਵਾਸ ਨੂੰ ਦਾਊਦ ਦੇ ਵਿਸ਼ਵਾਸ ਨਾਲ ਮਿਲਾਉਣ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ। ਦਾਊਦ ਦਾ ਆਤਮ ਵਿਸ਼ਵਾਸ ਘੱਟੋ–ਘੱਟ ਤਿੰਨ ਕਾਰਣਾਂ ਕਰਕੇ ਸੀ। ਪਹਿਲਾ ਤਾਂ ਇਹ ਕਿ ਉਸ ਵਿਚ ਇਹ ਆਤਮ ਵਿਸ਼ਵਾਸ *ਆਪਣੀ* ਸਿਖਲਾਈ ਕਰਕੇ ਆਇਆ ਸੀ। 17:38, 39 ਵਿੱਚੋਂ ਇਹ ਸੁਝਾਅ ਮਿਲਦਾ ਹੈ।

ਇਨ੍ਹਾਂ ਆਇਤਾਂ ਵਿਚ ਸ਼ਾਊਲ ਵੱਲੋਂ ਦਾਊਦ ਨੂੰ ਆਪਣਾ ਕਵਚ ਪੁਆਉਣ ਵਾਲਾ ਦ੍ਰਿਸ਼ ਹਾਸੋ–ਹੀਣਾ ਲਗਦਾ ਹੈ। ਪਤਾ ਨਹੀਂ ਸ਼ਾਊਲ ਨੇ ਦਾਊਦ ਨੂੰ ਆਪਣਾ ਕਵਚ ਕਿਉਂ ਪੁਆਉਣਾ ਚਾਹਿਆ। ਸ਼ਾਇਦ ਸ਼ਾਊਲ ਨੂੰ ਇਸ ਦੀ ਵਡਿਆਈ ਮਿਲਣ ਦੀ ਉਮੀਦ ਸੀ (ਜਿਵੇਂ ਕੋਈ ਆਖੇ, ''ਉਹਨੇ *ਮੇਰੀ* ਬੰਦੂਕ ਨਾਲ ਉਹ ਰਿੱਛ ਮਾਰਿਆ ਹੈ'')। ਜੋ ਵੀ ਕਾਰਣ ਹੋਵੇ[17] ਦਾਊਦ ਨੂੰ ਟੋਪ, ਤਲਵਾਰ ਅਤੇ ਹੋਰ ਚੀਜ਼ਾਂ ਦੇ ਕੇ ਸ਼ਾਊਲ ਦਾ ਲਿਬਾਸ ਪੁਆਇਆ ਗਿਆ। ਵਚਨ ਅੱਗੇ ਦੱਸਦਾ ਹੈ, ''(ਉਹ) ਨੇ ਤੁਰਨ ਦਾ *ਉੱਦਮ ਕੀਤਾ*'' (17:39)। ਕਲਪਨਾ ਕਰੋ ਕਿ ਦਾਊਦ ਦਾ ਸਾਇਜ਼ ਤਾਂ ਆਮ 34 ਹੀ ਹੈ ਪਰ ਸ਼ਾਊਲ ਦਾ 48 ਹੈ! ਉਨ੍ਹਾਂ ਕੱਪੜਿਆਂ ਵਿਚ ਲੜਨਾ ਤਾਂ ਦੂਰ ਉਸ ਤੋਂ ਚੱਲਿਆ ਵੀ ਨਹੀਂ ਜਾ ਰਿਹਾ ਸੀ! ਦਾਊਦ ਨੇ ਉਹ ਕੱਪੜੇ ਲਾਹ ਦਿੱਤੇ ਅਤੇ ਕਿਹਾ, ''ਇਨ੍ਹਾਂ ਨਾਲ ਤਾਂ ਮੈਥੋਂ ਨਹੀਂ ਤੁਰਿਆ ਜਾਂਦਾ ਕਿਉਂ ਜੋ ਮੈਂ ਉਨ੍ਹਾਂ ਨੂੰ ਪਰਖਿਆ ਨਹੀਂ'' (17:39)।

ਦੂਜੇ ਸ਼ਬਦਾਂ ਵਿਚ ਉਸ ਨੇ ਆਖਿਆ, ''ਮੈਂ ਉਹੀ ਰੱਖਾਂਗਾ ਜਿਹੜਾ ਮੇਰਾ ਅਜ਼ਮਾਇਆ ਹੋਇਆ ਹੈ।'' ਉਸਨੂੰ ਉਸੇ ਵਿਚ ਭਰੋਸਾ ਸੀ ਜਿਹੜਾ ਉਹਦਾ ਆਪਣਾ ਅਜ਼ਮਾਇਆ ਹੋਇਆ ਸੀ ਅਤੇ ਜੋ ਪਹਿਲਾਂ ਉਹਦੇ ਕੰਮ ਆਇਆ ਸੀ। ਉਹ ਕੀ ਸੀ? ਉਸ ਨੂੰ ਪਤਾ ਸੀ ਕਿ ਗੋਪੀਏ ਵਿਚ ਪੱਥਰ ਰੱਖ ਕੇ ਉਹ ਉਸ ਨੂੰ ਘੁਮਾ ਕੇ ਸੁੱਟ ਸਕਦਾ ਹੈ। ਉਸ ਨੂੰ ਆਪਣੀ ਟ੍ਰੇਨਿੰਗ ਉੱਤੇ ਭਰੋਸਾ ਸੀ।

ਇਸ ਵਿਚ ਦੂਜੇ ''ਔ'' ਦਾ ਸੁਝਾਅ ਮਿਲਦਾ ਹੈ ਕਿਉਂਕਿ ਦਾਊਦ ਨੂੰ *ਆਪਣੇ ਔਜ਼ਾਰਾਂ* ਤੇ ਵੀ ਯਕੀਨ ਸੀ। ਉਸ ਕੋਲ ਆਪਣੀ ਲਾਠੀ[18] ਜਿਸ ਨਾਲ ਉਸ ਨੇ ਸ਼ੇਰਾਂ ਅਤੇ ਰਿੱਛਾਂ ਨੂੰ ਮਾਰਿਆ ਸੀ, ਨਾਲੋਂ ਖ਼ਤਰਨਾਕ ਹਥਿਆਰ ਨਹੀਂ ਸੀ (17:35; ਜ਼ਬੂਰ 23:4 ਵੀ ਵੇਖੋ)। ਪਰ ਗੋਪੀਆ ਉਹਦੇ ਕੋਲ ਜ਼ਰੂਰ ਸੀ (17:40)।

ਤੁਹਾਨੂੰ ਪਤਾ ਹੋਵੇਗਾ ਕਿ ''ਗੋਪੀਆ'' ਕਿਸ ਨੂੰ ਆਖਦੇ ਹਨ। ਬਚਪਨ ਵਿਚ ਅਸੀਂ ਦੁਸਾਂਗੜ ਵਾਲੀ ਲੱਕੜੀ ਲੈ ਕੇ, ਉਹਦੇ ਇਕ ਸਿਰੇ ਨੂੰ ਪੁਰਾਣੀ ਟਿਯੂਬ ਨਾਲ ਕੱਸ ਕੇ ਅਤੇ ਦੂਜੇ ਪਾਸੇ ਦੇ ਸਿਰਿਆਂ ਉੱਤੇ ਰਬੜ ਦੀਆਂ ਦੋ ਨਾਲੀਆਂ ਨੂੰ ਵੱਖ–ਵੱਖ ਬੰਨ੍ਹ ਕੇ ਪੁਰਾਣੇ ਛਿੱਤਰ ਦੀ ਜੀਭੀ ਬਣਾ ਕੇ ਲਾਉਂਦੇ ਹੁੰਦੇ ਸਾਂ। ਅਸੀਂ ਉਸ ਨੂੰ ਗੁਲੇਲ ਆਖਦੇ ਸਾਂ। ਦਾਊਦ ਦੇ ''ਹੱਥ ਵਿਚ'' ਗੁਲੇਲ ਨਹੀਂ ਸੀ। ਦਾਊਦ ਦਾ ਗੋਪੀਆ ਚਮੜੇ ਦੀ ਇਕ ਥੈਲੀ ਸੀ ਜਿਸ ਦੇ ਦੋਵੇਂ ਪਾਸੇ ਚਮੜੇ ਦੀ ਲੰਮੀ ਪਤਲੀ ਤਣੀ ਲੱਗੀ ਸੀ। ਇਸ ਗੋਪੀਏ ਨੂੰ ਵਰਤਣ ਲਈ, ਥੈਲੀ ਵਿਚ ਪੱਥਰ ਰੱਖ ਕੇ, ਉਸ ਪੱਟੀ ਦੇ ਸਿਰਿਆਂ ਨੂੰ ਹੱਥ ਨਾਲ ਫੜ ਕੇ ਜ਼ੋਰ ਨਾਲ ਸਿਰ ਦੇ ਉੱਪਰੋਂ ਦੀ ਘੁਮਾ ਕੇ ਇਕ ਸਿਰੇ ਨੂੰ ਛੱਡ ਦਿੱਤਾ ਜਾਂਦਾ ਹੈ। ਬਚਪਨ ਵਿਚ ਮੈਂ ਜੁੱਤੀ ਦੀ ਜੀਭੀ ਅਤੇ ਤਸਮਿਆਂ ਨਾਲ ਕਈ ਵਾਰ ਗੋਪੀਆ ਬਣਾਉਂਦਾ ਸਾਂ ਅਤੇ ਇਸ ਨੂੰ ਚਲਾਉਣ ਦੀ ਕੋਸ਼ਿਸ਼ ਕਰਦਾ ਸਾਂ। ਮੈਂ ਜੀਭੀ ਵਿਚ ਗੀਟੀ ਰੱਖ ਕੇ ਉਸ ਗੋਪੀਏ ਨੂੰ ਆਪਣੇ ਸਿਰ ਦੇ ਉੱਪਰੋਂ ਦੀ ਘੁਮਾ ਕੇ ਇਕ ਸਿਰਾ ਛੱਡ ਦਿੰਦਾ ਸਾਂ। ਉਹ ਗੀਟੀ ਨਿਸ਼ਾਨੇ ਵੱਲ ਜਾ ਕੇ ਕਿਸੇ ਚੀਜ਼ ਨੂੰ ਭੰਨ ਹੀ ਦਿੰਦੀ ਸੀ। ਮੈਂ ਐਨੀਆਂ ਚੀਜ਼ਾਂ ਭੰਨੀਆਂ ਕਿ ਅਖ਼ੀਰ ਮੇਰੀ ਮਾਂ ਨੇ ਉਹ ਮੈਥੋਂ ਖੋਹ ਹੀ ਲਿਆ। ਇਹ ਬੜਾ ਹੀ ਖ਼ਤਰਨਾਕ ਹਥਿਆਰ ਹੈ!

ਪਰ ਇਸ ਛੋਟੇ ਜਿਹੇ ਔਜ਼ਾਰ ਨੂੰ ਚਲਾਉਣ ਵਿਚ ਐਨੀ ਮਹਾਰਤ ਪਾ ਲੈਣਾ ਹੈਰਾਨੀ ਦੀ ਗੱਲ ਸੀ। ਨਿਆਈਆਂ 20:15, 16 ਸੱਤ ਸੌ ਬਚੇ ਹੋਏ ਬਿਨਿਆਮੀਨਆਂ ਬਾਰੇ ਦੱਸਦੇ ਹੋਏ ਆਖਦਾ ਹੈ, ''ਸੱਭੇ ਪੱਥਰ ਦੇ ਨਾਲ ਵਾਲ ਵਿੰਨ੍ਹੀ ਕੌਡੀ ਦਾ ਨਿਸ਼ਾਨ ਫੁੰਡਦੇ ਸਨ ਅਤੇ ਉੱਕਦੇ ਨਹੀਂ ਸਨ''! ਰੋਏ ਓਸਬਰਨ ਇਕ ਵਾਰ ਫ਼ਲਸਤੀਨ ਵਿਚ ਗਿਆ ਸੀ।[19] ਉਹ ਛਾਂ ਵਿਚ ਪਹਾੜੀ ਤੇ ਬੈਠੇ ਬੱਕਰੀਆਂ ਚਰਾਉਣ ਵਾਲੇ ਇਕ ਮੁੰਡੇ ਕੋਲ ਗਿਆ। ਉਸ ਦੀਆਂ ਬੱਕਰੀਆਂ ਸੌ ਗਜ਼ ਜਾਂ ਇਸ ਤੋਂ ਦੂਰ ਸਨ। ਮੁੰਡਾ ਆਪਣੇ ਗੋਪੀਏ ਨਾਲ ਇਕ ਇੱਜੜ ਦੀ ਰਖਵਾਲੀ ਕਰ ਰਿਹਾ ਸੀ। ਜੇ ਕੋਈ ਬੱਕਰੀ ਇੱਧਰ ਉੱਧਰ ਚਲੀ ਜਾਂਦੀ, ਤਾਂ ਉਹ ਉਸ ਬੱਕਰੀ ਨੂੰ ਇੱਜੜ ਵਿਚ ਲਿਆਉਣ ਲਈ ਉਹਦੇ ਅੱਗੇ ਪੱਥਰ ਸੁੱਟ ਦਿੰਦਾ ਸੀ। ਰੋਏ ਨੇ ਉਸ ਮੁੰਡੇ ਕੋਲ ਜਾ ਕੇ ਉਸ ਨੂੰ ਕੁਝ ਫ਼ਾਸਲੇ ਤੇ ਅੰਜੀਰ ਦੇ ਰੁੱਖ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਹ ਉਸ ਉੱਤੇ ਪੱਥਰ ਮਾਰੇ। ਮੁੰਡੇ ਨੇ ਆਪਣੇ ਗੋਪੀਏ ਵਿਚ ਇਕ ਪੱਥਰ ਪਾਇਆ ਅਤੇ ਗੋਪੀਏ ਨੂੰ ਐਨੀ ਤੇਜ਼ੀ ਨਾਲ ਘੁਮਾਇਆ ਕਿ ਉਹ ਨਜ਼ਰ ਆਉਣਾ ਬੰਦ ਹੋ ਗਿਆ। ਮੁੰਡੇ ਨੇ ਉਸ ਗੋਪੀਏ ਨੂੰ ਛੱਡਿਆ ਤਾਂ ਉਹ ਵੱਟਾ ਰੁੱਖ ਦੇ ਤਨੇ ਵਿਚ ਧੱਸ ਗਿਆ।

ਜ਼ਾਹਿਰ ਹੈ ਕਿ ਦਾਊਦ ਵੀ ਐਨਾ ਹੀ ਮਾਹਿਰ ਹੋਵੇਗਾ। ''ਅਤੇ ਉਹ ਨੇ ਆਪਣੀ ਡਾਂਗ ਹੱਥ ਵਿਚ ਫੜ ਲਈ ਅਤੇ ਉਹ ਨੇ ਉਸ ਖੱਡ ਤੋਂ ਪੰਜ ਚੀਕਣੇ[20] ਪੱਥਰ ਚੁਣ ਲਏ ਅਤੇ ਉਨ੍ਹਾਂ ਨੂੰ ਆਜੜੀ ਦੇ ਝੋਲੇ ਵਿਚ ਜੋ ਉਹ ਦੇ ਕੋਲ ਸੀ ਅਰਥਾਤ ਗੁਥਲੀ ਵਿਚ ਧਰ ਲਿਆ'' (17:40)। ਦਾਊਦ ਕੋਈ ਹਥਿਆਰ ਲੈ ਕੇ ਨਹੀਂ ਬਲਕਿ ਇਕ ਸੋਟੀ ਲੈ ਕੇ ਪਹਾੜੀ ਉੱਤੇ ਗਿਆ। ਘਾਟੀ ਦੇ ਵਿਚਕਾਰ ਇਕ ਨਦੀ ਦੇ ਕੰਢੇ ਤੇ ਆਣ ਕੇ ਉਸ ਨੇ ਪੰਜ ਚੀਕਣੇ ਪੱਥਰ ਚੁਗ ਲਏ। ਧਿਆਨ ਦਿਓ ਕਿ ਉਸ ਨੇ ਕੋਈ ਵੀ ਪੰਜ ਆਮ ਪੱਥਰ ਨਹੀਂ ਲਏ ਬਲਕਿ ਚੀਕਣੇ ਪੱਥਰ ਚੁਣੇ। ''ਨਹੀਂ; ਇਹਦੇ ਨਾਲ ਗੱਲ ਨਹੀਂ ਬਣੇਗੀ।'' ਉਹ ਇਕ ਪਥਰ ਸੁੱਟ ਦਿੰਦਾ। ਇਕ ਹੋਰ ਚੁੱਕਦਾ। ''ਇਹ ਠੀਕ ਹੈ।'' ਹੋਰ ਵਧੀਆ ਪੱਥਰ ਮਿਲਣ ਤਕ ਉਹ ਇਕ ਪੱਥਰ ਨੂੰ ਫੜੀ ਰੱਖਦਾ। ਗੌਰ ਨਾਲ ਉਸ ਨੇ ਕੰਮ ਦੇ ਇਕ, ਦੋ, ਤਿੰਨ, ਚਾਰ ਅਤੇ ਪੰਜ ਪੱਥਰਾਂ ਨੂੰ ਚੁਣਿਆ। ਉਹਦੇ ਕੋਲ ਆਜੜੀ ਵਾਲੀ ਇਕ ਥੈਲੀ ਸੀ। ਆਮ ਤੌਰ ਤੇ ਇਸ ਵਿਚ ਉਸ ਦਾ ਦੁਪਹਿਰ ਦਾ ਖਾਣਾ ਹੁੰਦਾ ਸੀ, ਪਰ ਅੱਜ ਉਸ ਨੇ ਉਸ ਵਿਚ ਪੰਜ ਪੱਥਰ ਰੱਖੇ। ਹੁਣ ਉਹ ਉਸ ਦਿਓ ਨਾਲ ਲੜਨ ਨੂੰ ਤਿਆਰ ਸੀ।

ਤੰਗ ਘਾਟੀ ਦੇ ਵਿੱਚੋਂ ਦੀ ਲੰਘਦੇ ਹੋਏ ਇਸ ਮੁੰਡੇ ਨੂੰ[21] ਪੱਥਰ ਚੁੱਗਦਿਆਂ ਦੋਹਾਂ ਫ਼ੌਜਾਂ ਦੇ ਲੋਕਾਂ ਵੱਲੋਂ ਵੇਖਦਿਆਂ ਤੁਸੀਂ ਲੋਕਾਂ ਵੱਲੋਂ ਇਸ ਹੋਣ ਵਾਲੇ ਮੁਕਾਬਲੇ ਤੇ ਕੀਤੇ ਜਾਣ ਵਾਲੇ ਵਿਅੰਗ ਦੀ ਕਲਪਨਾ ਕਰ ਸਕਦੇ ਹੋ? ਪੰਜ ਚੀਕਣੇ ਪੱਥਰ ਲੈ ਕੇ ਉਸ ਦਿਓ ਵੱਲ ਨੂੰ ਵੱਧਦੇ ਹੋਏ ਤੁਹਾਨੂੰ ਕੀ ਲਗਦਾ ਹੈ ਕਿ ''ਨਿਸ਼ਾਨੇ ਤੇ ਲੱਗਣ ਵਾਲਾ ਪੱਥਰ'' ਕਿਹੜਾ ਸੀ?

ਬੇਸ਼ੱਕ ਆਤਮ ਵਿਸ਼ਵਾਸ ਨਾਲ ਦਾਊਦ ਦਾ ਅੱਗੇ ਵੱਧਣਾ ਉਸ ਦੀ ਸਿਖਲਾਈ ਅਤੇ ਹਥਿਆਰਾਂ ਕਰਕੇ ਹੀ ਨਹੀਂ ਸੀ। ਉਹ *ਆਪਣੇ* ਯਕੀਨ ਕਰਕੇ ਆਤਮ ਵਿਸ਼ਵਾਸ ਨਾਲ ਭਰਿਆ ਹੋਇਆ ਸੀ। ਉਹ ਆਪਣੇ ਖ਼ੁਦਾ ਉੱਤੇ ਨਿਰਭਰ ਸੀ।

40 ਅਤੇ 41 ਆਇਤਾਂ ਦੋ ਲੜਾਕਿਆਂ ਵਿਚ ਡੂੰਘਾ ਫ਼ਰਕ ਦੱਸਦੀਆਂ ਹਨ, ''ਉਹਦਾ ਗੋਪੀਆ ਉਹਦੇ ਹੱਥ ਵਿਚ ਸੀ ਸੋ ਉਹ ਉਸ ਫ਼ਲਿਸਤੀ ਦੇ ਨੇੜੇ ਜਾਣ ਲੱਗਾ ਤਾਂ ਫ਼ਲਿਸਤੀ ਤੁਰਿਆ ਅਰ ਦਾਊਦ ਦੇ ਨੇੜੇ ਆਉਣ ਲੱਗਾ ਅਰ ਉਸ ਦੀ ਢਾਲ ਚੁੱਕਣ ਵਾਲਾ ਉਸ ਦੇ ਅੱਗੇ ਸੀ।'' ਪੱਛਮ ਵੱਲੋਂ ਦੀ ਇਕ ਮਹਾਨ ਕਵਚਧਾਰੀ ਸੂਰਮਾ ਆਇਆ ਸੀ, ਜਿਸ ਦੀ ਜ਼ਬਰਦਸਤ

ਢਾਲ, ਉਸ ਦਾ ਪਿੱਤਲ ਦਾ ਟੋਪ ਚਮਕਾਂ ਮਾਰ ਰਹੇ ਸਨ। ਪੂਰਬ ਵੱਲੋਂ ਇਕ ਛੋਟਾ ਜਿਹਾ ਗੁਲਾਬੀ ਗੱਲਾਂ ਵਾਲਾ ਮੁੰਡਾ ਚੋਗਾ ਅਤੇ ਸੈਂਡਲ ਪਾਈ, ਬੱਕਰੇ ਦੇ ਵਾਲਾਂ ਵਾਲਾ ਗੋਪੀਆ ਲੈ ਕੇ ਆਇਆ।[22]

ਉਸ ਦਿਓ ਨੇ ਜਦ ਦਾਊਦ ਨੂੰ ਵੇਖਿਆ ਤਾਂ ਉਹਨੂੰ ਆਪਣੇ ਆਪ ਵਿਚ ਸ਼ਰਮ ਆਈ।

> ਜਾਂ ਫ਼ਲਿਸਤੀ ਨੇ ਆਲੇ ਦੁਆਲੇ ਵੇਖ ਕੇ ਦਾਊਦ ਨੂੰ ਡਿੱਠਾ ਤਾਂ ਉਹ ਨੂੰ ਤੁੱਛ ਜਾਣਿਆ ਕਿਉਂ ਜੋ ਉਹ ਮੁੰਡਾ ਹੀ ਸੀ। ਉਹ ਲਾਲ ਰੰਗ ਅਤੇ ਸੋਹਣੇ ਰੂਪ ਦਾ ਸੀ। ਸੋ ਫ਼ਲਿਸਤੀ ਨੇ ਦਾਊਦ ਨੂੰ ਆਖਿਆ, ਭਲਾ, ਮੈਂ ਕੋਈ ਕੁੱਤਾ ਹਾਂ ਜੋ ਤੂੰ ਡਾਂਗ ਲੈ ਕੇ ਮੇਰੇ ਕੋਲ ਆਇਆ ਹੈਂ? ਅਤੇ ਫ਼ਲਿਸਤੀ ਨੇ ਆਪਣੇ ਦੇਵਤਿਆਂ ਦੇ ਨਾਉਂ ਲੈ ਕੇ ਦਾਊਦ ਨੂੰ ਗਾਲਾਂ ਕੱਢੀਆਂ (17:42, 43)।

ਗੋਲਿਅਥ ਨੇ ਦਾਊਦ ਨੂੰ ਦਾਗੋਨ, ਬਾਲ ਅਤੇ ਆਪਣੇ ਹੋਰ ਦੇਵਤਿਆਂ ਦੇ ਨਾਂਅ ਨਾਲ ਸਰਾਪ ਦਿੰਦਿਆਂ ਬਹੁਤ ਵੱਡੀ ਗਲਤੀ ਕੀਤੀ। ਉਸ ਨੇ ਇਕ ਫ਼ੌਜੀ ਜੰਗ ਨੂੰ ਧਾਰਮਿਕ ਅਖਾੜੇ ਵਿਚ ਬਦਲ ਦਿੱਤਾ! ਇਹ ਜੰਗ ''ਖ਼ੁਦਾ ਬਨਾਮ ਦੇਵਤੇ'' ਵਿਚ ਬਦਲ ਗਈ।

ਗੋਲੀਅਥ ਨੇ ਦਾਊਦ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ: ''ਮੇਰੇ ਕੋਲ ਆ ਜੋ ਮੈਂ ਤੇਰਾ ਮਾਸ ਪੌਣ ਦੇ ਪੰਛੀਆਂ ਅਤੇ ਜੰਗਲੀ ਦਰਿੰਦਿਆਂ ਨੂੰ ਵੰਡਾਂ'' (17:44)।[23] ਚੁਣੌਤੀਆਂ ਸਾਨੂੰ ਵੀ ਡਰਾਉਂਦੀਆਂ ਹਨ, ਜਾਂ ਨਹੀਂ? ਆਮ ਤੌਰ ਤੇ ਅਸੀਂ ਜੇ ਆਪਣੇ ਗੋਡਿਆਂ ਨੂੰ ਭਿੜਨ ਤੋਂ ਰੋਕ ਲਈਏ ਤਾਂ ਆਪਣੀ ਜ਼ਿੰਦਗੀ ਵਿਚ ਦਿਓਆਂ ਦਾ ਸਾਹਮਣਾ ਕਰ ਸਕਦੇ ਹਾਂ।

ਇਹ ਚਾਲ ਮੇਰੇ ਤੇ ਕੰਮ ਕਰ ਜਾਂਦੀ। ਜੇ ਸਾਡੇ ਨੌਂ ਫੁੱਟਾ ਲੰਮਾ ਆਦਮੀ ਮੈਨੂੰ ਕਹਿੰਦਾ ਕਿ ਉਹ ਮੇਰਾ ਮਾਸ ਪੰਛੀਆਂ ਨੂੰ ਖੁਆਉਣ ਵਾਲਾ ਹੈ ਤਾਂ ਮੈਂ ਤਾਂ ਪਥਰਾ ਹੀ ਜਾਂਦਾ। ਪਰ ਦਾਊਦ ਨੇ ਉਸ ਤੋਂ ਖ਼ੌਫ਼ ਖਾਣ ਦੀ ਥਾਂ ਗੋਲਿਅਥ ਦੀ ਧਮਕੀ ਨੂੰ ਬਾਈਬਲ ਵਿਚਲੇ ਵਿਸ਼ਵਾਸ ਦੇ ਸਭ ਤੋਂ ਵੱਡੇ ਇਜ਼ਹਾਰਾਂ ਵਿੱਚੋਂ ਇਕ ਬਣਾ ਦਿੱਤਾ:

> ਪਰ ਦਾਊਦ ਨੇ ਫ਼ਲਿਸਤੀ ਨੂੰ ਆਖਿਆ ਤੂੰ ਤਲਵਾਰ ਅਤੇ ਬਰਛਾ ਅਤੇ ਢਾਲ ਲੈ ਕੇ ਮੇਰੇ ਕੋਲ ਆਉਂਦਾ ਹੈਂ ਪਰ ਮੈਂ ਸੈਨਾਂ ਦੇ ਯਹੋਵਾਹ ਦੇ ਨਾਮ ਉੱਤੇ ਜੋ ਇਸਰਾਏਲ ਦੇ ਦਲਾਂ ਦਾ ਪਰਮੇਸ਼ੁਰ ਹੈ ਜਿਸ ਨੂੰ ਤੈਂ ਲੱਜਿਆਵਾਨ ਕੀਤਾ ਤੇਰੇ ਕੋਲ ਆਉਂਦਾ ਹਾਂ! ਅਤੇ ਅੱਜ ਹੀ ਯਹੋਵਾਹ ਮੇਰੇ ਹੱਥ ਵਿਚ ਤੈਨੂੰ ਕਰ ਦੇਵੇਗਾ ਅਤੇ ਮੈਂ ਤੈਨੂੰ ਮਾਰ ਸੁੱਟਾਂਗਾ ਅਤੇ ਤੇਰਾ ਸਿਰ ਤੈਥੋਂ ਵੱਖਰਾ ਕਰ ਦਿਆਂਗਾ[24] .... ਭਈ ਸਾਰਾ ਸੰਸਾਰ ਜਾਣੇ ਜੋ ਇਸਰਾਏਲ ਵਿਚ ਇਕ ਪਰਮੇਸ਼ੁਰ ਹੈ। ਅਤੇ ਇਸ ਸਾਰੇ ਕਟਕ ਨੂੰ ਵੀ ਖਬਰ ਹੋਵੇਗੀ ਜੋ ਯਹੋਵਾਹ ਤਲਵਾਰ ਅਤੇ ਬਰਛੀ ਨਾਲ ਨਹੀਂ ਬਚਾਉਂਦਾ ਕਿਉਂ ਜੋ ਜੁੱਧ ਦਾ ਸੁਆਮੀ ਯਹੋਵਾਹ ਹੈ ਅਤੇ ਉਹੋ ਹੀ ਤੁਹਾਨੂੰ ਸਾਡੇ ਹੱਥ ਵਿਚ ਦੇਵੇਗਾ (17:45–47)।

''ਜੁੱਧ ਦਾ ਸੁਆਮੀ ਯਹੋਵਾਹ ਹੈ।'' ਜੇ ਤੁਸੀਂ ਇਸ ਲਾਈਨ ਨੂੰ ਰੇਖਾਂਕਿਤ ਨਹੀਂ ਕੀਤਾ, ਤਾਂ ਕਰ ਲਵੋ। ਦਾਊਦ ਦੀ ਜ਼ਿੰਦਗੀ ਇਕ ਸਿਧਾਂਤ ਤੇ ਟਿਕੀ ਸੀ। ਉਸ ਨੂੰ ਕੁਝ ਸਾਬਤ ਕਰਨ ਦੀ ਜਾਂ

ਕੁਝ ਗੁਆਉਣ ਦੀ ਲੋੜ ਨਹੀਂ ਸੀ। ਉਹ ਕਿਸੇ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ। ਉਹ ਸਿਰਫ਼ ਆਪਣੇ ਖ਼ੁਦਾ ਦਾ ਪੱਖ ਲੈ ਰਿਹਾ ਸੀ। ਉਹ ਚਾਹੁੰਦਾ ਸੀ ਕਿ ਸਭ ਲੋਕ ਜਾਣ ਲੈਣ ਕਿ ਖ਼ੁਦਾ ਸਿਰਫ਼ ਇੱਕੋ ਹੈ ਅਤੇ ਫ਼ਤਹਿ ਓਸੇ ਦੀ ਹੀ ਹੈ।

ਮੈਂ ਸੁਝਾਅ ਦਿੱਤਾ ਹੈ ਕਿ ਤੁਸੀਂ ਜ਼ਿੰਦਗੀ ਵਿਚ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਤਿਆਰੀ ਕਰੋ। ਪਰ ਕਈ ਵਾਰ ਤੁਹਾਨੂੰ ਕਿਸੇ ਨੁੱਕਰ ਵਿਚ ਅਜਿਹੇ ਵੱਡੇ ਦਿਓ ਦਾ ਮੁਕਾਬਲਾ ਕਰਨਾ ਪੈ ਸਕਦਾ ਹੈ ਜਿਹੜਾ ਐਨਾਂ ਵੱਡਾ ਹੋਵੇ ਕਿ ਉਹਦੇ ਅੱਗੇ ਤੁਹਾਡੀ ਸਾਰੀ ਸਿਖਲਾਈ, ਤੁਹਾਡੇ ਸਾਰੇ ਹਥਿਆਰ ਨਾਕਾਫ਼ੀ ਹੋਣ। ਉਦੋਂ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ''ਜੁੱਧ ਦਾ ਸੁਆਮੀ ਯਹੋਵਾਹ ਹੈ''! ਅਖ਼ੀਰ ਵਿਚ ਆਤਮ ਵਿਸ਼ਵਾਸ ਨਾਲ ਭਰੀ ਜ਼ਿੰਦਗੀ ਜੀਉਣ ਦਾ ਢੰਗ ਉਹ ਭਰੋਸਾ ਹੈ ਜਿਹੜਾ ਖ਼ੁਦਾ ਵਿਚ ਹੈ। ਅਸੀਂ *ਤਾਂ ਗਾਉਂਦੇ ਹਾਂ* ਕਿ ''ਵਿਸ਼ਵਾਸ ਹੀ ਫ਼ਤਹਿ ਹੈ''[25] ਪਰ ਦਾਊਦ ਨੇ ਇਸ ਨੂੰ *ਹੰਢਾਇਆ*।

## 6. ਜੇ ਤੁਹਾਡੇ ਅੱਗੇ ਦਿਓ ਹੈ ਤਾਂ *ਫ਼ੌਰਨ* ਉਸ ਦਾ ਮੁਕਾਬਲਾ ਕਰੋ (17:48–51)

ਪੰਜ ਚੀਕਣੇ ਪੱਥਰ ਚੁੱਕਣ ਦੇ ਬਾਅਦ ਦਾਊਦ ਨਾ ਤਾਂ ਰੁਕਿਆ ਅਤੇ ਨਾ ਝਕਿਆ ਬਲਕਿ ਗੋਲੀਅਥ ਦਾ ਮੁਕਾਬਲਾ ਕਰਨ ਲਈ *ਨੱਸਿਆ*:

> ਅਤੇ ਅਜਿਹਾ ਹੋਇਆ ਜਾਂ ਫ਼ਲਿਸਤੀ ਉੱਠਿਆ ਅਤੇ ਅੱਗੇ ਵੱਧ ਕੇ ਦਾਊਦ ਨਾਲ ਲੜਨ ਨੂੰ ਨੇੜੇ ਢੁੱਕਾ ਤਾਂ ਦਾਊਦ ਨੇ ਛੇਤੀ ਕੀਤੀ ਅਤੇ ਦਲ ਦੀ ਵੱਲ ਫ਼ਲਿਸਤੀ ਨਾਲ ਲੜਨ ਨੂੰ ਨੱਠਾ। ਅਤੇ ਦਾਊਦ ਨੇ ਆਪਣੀ ਗੁਥਲੀ ਵਿਚ ਹੱਥ ਪਾ ਕੇ ਉਹ ਦੇ ਵਿੱਚੋਂ ਇਕ ਪੱਥਰ ਕੱਢਿਆ ਅਤੇ ਗੋਪੀਏ ਵਿਚ ਧਰ ਕੇ ਫ਼ਲਿਸਤੀ ਦੇ ਮੱਥੇ ਨੂੰ ਅਜਿਹਾ ਮਾਰਿਆ ਜੋ ਉਹ ਪੱਥਰ ਉਸ ਦੇ ਮੱਥੇ ਵਿਚ ਖੁੱਭ ਗਿਆ ਅਤੇ ਉਹ ਮੂੰਹ ਪਰਨੇ ਧਰਤੀ ਉੱਤੇ ਡਿੱਗ ਪਿਆ (17:48, 49)।

ਦਾਊਦ ਨੇ ਆਜੜੀ ਵਾਲੀ ਆਪਣੀ ਥੈਲੀ ਵਿਚ ਹੱਥ ਪਾਇਆ, ਉਸ ਵਿੱਚੋਂ ਸਭ ਤੋਂ ਵੱਡਾ ਪੱਥਰ ਲੱਭਾ, ਉਸ ਨੂੰ ਕੱਢਿਆ, ਗੋਪੀਏ ਵਿਚ ਪਾ ਕੇ, ਗੋਪੀਏ ਨੂੰ ਜ਼ੋਰ ਨਾਲ ਆਪਣੇ ਸਿਰ ਦੇ ਉਪਰੋਂ ਦੀ ਘੁਮਾਇਆ। ਗੋਪੀਏ ਵਿੱਚੋਂ ਅਵਾਜ਼ ਆਉਣ ਲੱਗੀ ਅਤੇ ਫਿਰ ਉਹ ਅਵਾਜ਼ ਗੂੰਜੀ। ਉਹਦੇ ਬਾਅਦ–ਟਣਕਾਰ!–ਦਾਊਦ ਨੇ ਪੱਥਰ ਛੱਡ ਦਿੱਤਾ ਸੀ। ਇਹ ਹਵਾ ਵਿਚ ਸ਼ੋਰ ਕਰਦਾ ਹੋਇਆ ਗੋਲਿਅਥ ਦੇ ਮੱਥੇ ਵਿਚ ਜਾ ਧੱਸਿਆ। ਗੋਲੀਅਥ ਇਵੇਂ ਡਿੱਗ ਗਿਆ ਜਿਵੇਂ ਉਸ ਨੂੰ ਗੋਲੀ ਲੱਗੀ ਹੋਵੇ। ਉਹਦੇ ਧੜਾਮ ਨਾਲ ਜ਼ਮੀਨ ਉੱਤੇ ਡਿੱਗਣ ਨਾਲ ਜ਼ਮੀਨ ਹਿੱਲ ਗਈ।

ਦਾਊਦ ਦਾ ਕੰਮ ਅਜੇ ਮੁੱਕਿਆ ਨਹੀਂ ਸੀ। ਕੀ ਪਤਾ ਉਹ ਦਿਓ ਸਿਰਫ਼ ਚੱਕਰ ਖਾ ਕੇ ਹੀ ਡਿੱਗਾ ਹੋਵੇ। ਦਾਊਦ ਫੇਰ *ਨੱਸਿਆ* (17:51)। ਉਹ ਉਸ ਡਿੱਗੀ ਹੋਈ ਦੇਹ ਦੇ ਉੱਪਰ ਚੜ੍ਹ ਗਿਆ। ਉਹਦੇ ਕੋਲ ਕੋਈ ਤਲਵਾਰ ਨਹੀਂ ਸੀ,[26] ਇਸ ਕਰਕੇ ਉਸ ਨੇ ਗੋਲੀਅਥ ਦੀ ਹੀ ਤਲਵਾਰ ਕੱਢ ਲਈ। (''ਕੀ ਮੈਂ ਤੁਹਾਡੀ ਤਲਵਾਰ ਲੈ ਸਕਦਾ ਹਾਂ ਕਿ ਤੁਹਾਡਾ ਸਿਰ ਕੱਟ ਸਕਾਂ? ਸ਼ੁਕਰੀਆ।'') ਬੜੀ ''ਫੁਰਤੀ'' ਨਾਲ ਇਹ ਖੌਫ਼ਨਾਕ ਕੰਮ ਪੂਰਾ ਹੋਇਆ।

ਇਹ ਨਾਟਕੀ ਜਿੱਤ ਸਾਨੂੰ ਸਿਖਾਉਂਦੀ ਹੈ ਕਿ ਫ਼ਤਹਿ ਜੁੱਸੇ ਜਾਂ ਤਾਕਤ ਨਾਲ ਨਹੀਂ ਬਲਕਿ ਖ਼ੁਦਾ ਨਾਲ ਸਬੰਧ ਕਰਕੇ ਮਿਲਦੀ ਹੈ। ਸਾਨੂੰ ਇਹ ਗੱਲ ਕਦੇ ਨਹੀਂ ਭੁੱਲਣੀ ਚਾਹੀਦੀ। ਇਸ ਜਿੱਤ

ਨਾਲ ਸਾਨੂੰ ਇਹ ਵੀ ਸਬਕ ਮਿਲਦਾ ਹੈ ਕਿ ਦਿਓ ਜਾਂ ਦੈਂਤ ਤੁਹਾਡੇ ਨਾਲ ਲੜਨ ਨੂੰ ਤਿਆਰ ਹੋਵੇ ਤਾਂ ਉਸ ਨੂੰ ਟਾਲ–ਮਟੋਲ ਨਾ ਕਰੋ। ਜਿੰਨੇ ਦਿਨ ਤੁਸੀਂ ਕਿਸੇ ਚੁਣੌਤੀ ਦਾ ਸਾਹਮਣਾ ਕਰਨ ਨੂੰ ਟਾਲਦੇ ਰਹੋਗੇ, ਉਹ ਦਿਨੋ ਦਿਨ ਤਿੰਨ ਫੁੱਟ ਉੱਚਾ ਹੁੰਦਾ ਜਾਵੇਗਾ। ਹਰ ਦਿਨ ਬੀਤਣ ਨਾਲ ਉਹ ਮੁਸ਼ਕਿਲ ਹੋਰ ਪੇਚੀਦਾ ਹੁੰਦੀ ਜਾਵੇਗੀ। ਇਸ ਕਰਕੇ ਆਪਣੀ ਜ਼ਿੰਦਗੀ ਵਿਚ ਆਉਣ ਵਾਲੇ ਦਿਓਆਂ ਦਾ ਸਾਹਮਣਾ ਖ਼ੁਦਾ ਦੀ ਮਦਦ ਨਾਲ ਅਤੇ ਫ਼ੌਰਨ ਕਰੋ!

## 7. ਇਕ ਜਿੱਤ ਨਾਲ ਦੂਜੀ ਜਿੱਤ ਦਾ ਰਾਹ ਖੁੱਲ੍ਹਦਾ ਹੈ (17:51-54)

ਦਾਊਦ ਨੂੰ ਜ਼ਿੰਦਗੀ ਭਰ, ਇਕ ਜਿੱਤ ਤੋਂ ਅਗਲੀ ਜਿੱਤ ਵਾਸਤੇ ਤਿਆਰੀ ਮਿਲਦੀ ਰਹੀ। ਸ਼ੇਰਾਂ ਅਤੇ ਰਿੱਛਾਂ ਉੱਤੇ ਉਸ ਦੀਆਂ ਜਿੱਤਾਂ ਨਾਲ ਉਸ ਨੂੰ ਇਹ ਜਿੱਤ ਪਾਉਣ ਲਈ ਤਿਆਰੀ ਮਿਲੀ। ਹੁਣ ਇਹ ਜਿੱਤ ਉਸ ਦੀਆਂ ਦੂਜੀਆਂ ਜਿੱਤਾਂ ਲਈ ਰਾਹ ਤਿਆਰ ਕਰ ਰਹੀ ਸੀ। ਸਭ ਤੋਂ ਪਹਿਲਾਂ ਤਾਂ ਦਾਊਦ ਦੀ ਜਿੱਤ ਨਾਲ ਇਸਰਾਏਲੀ ਫ਼ੌਜ ਨੂੰ ਮਦਦ ਮਿਲੀ। ਲਿੰਨ ਐਂਡਰਸਨ ਦੇ ਇਨ੍ਹਾਂ ਸ਼ਬਦਾਂ ਨੂੰ ਕਹਿਣਾ ਮੈਨੂੰ ਚੰਗਾ ਲਗਦਾ ਹੈ: ''ਦਾਊਦ ਦਾ ਕੰਮ *ਦਲੇਰਾਨਾ* ਹੋਣ ਦੇ ਨਾਲ–ਨਾਲ *ਦੂਜਿਆਂ ਨੂੰ ਪ੍ਰਭਾਵਿਤ ਕਰਨ ਵਾਲਾ* ਵੀ ਸੀ।''[27]

ਮੈਂ ਦਾਊਦ ਦੇ ਗੋਲੀਅਥ ਨੂੰ ਮਾਰਨ ਦੇ ਬਾਅਦ ਦੇ ਦ੍ਰਿਸ਼ ਦੀ ਕਲਪਨਾ ਕਰ ਸਕਦਾ ਹਾਂ। ਉਸ ਨੇ ਫ਼ਲਿਸਤੀ ਫ਼ੌਜ ਵੱਲ ਵੇਖਿਆ, ਉਨ੍ਹਾਂ ਦਾ ਧਿਆਨ ਓਸੇ ਵਲ ਸੀ, ਅੱਖਾਂ ਬਾਹਰ ਆਈਆਂ ਹੋਈਆਂ ਸਨ ਅਤੇ ਮੂੰਹ ਅੱਡੇ ਦੇ ਅੱਡੇ ਰਹਿ ਗਏ ਸਨ। ਦਾਊਦ ਨੇ ਇਕ ਹੋਰ ਪੱਥਰ ਕੱਢਿਆ ਅਤੇ ਉਸ ਨੂੰ ਆਪਣੇ ਹੱਥ ਵਿਚ ਲਿਆ ਅਤੇ ਵੰਗਾਰਿਆ, ''ਹੈ ਕੋਈ ਮਾਈ ਦਾ ਲਾਲ?[28] ਅਜੇ ਚਾਰ ਪੱਥਰ ਹੋਰ ਹਨ!'' ਵਚਨ ਕਹਿੰਦਾ ਹੈ ਕਿ ''ਜਾਂ ਫ਼ਲਿਸਤੀਆਂ ਨੇ ਆਪਣਾ ਭਲਵਾਨ ਮੋਇਆ ਪਿਆ ਡਿੱਠਾ ਤਾਂ ਓਹ ਭੱਜ ਗਏ'' (17:51)।[29] ਤਦ ਇਸਰਾਏਲੀ ਜਿਹੜੇ ਬੇਹੱਦ ਡਰੇ ਹੋਏ ਸਨ, ਜੈਕਾਰੇ ਮਾਰਦੇ ਹੋਏ ਪਹਾੜੀ ਵੱਲ ਨੂੰ ਹੇਠਾਂ ਆ ਗਏ, ''ਮੈਨੂੰ ਇਕ ਦਿਓ! ਮੈਂ ਵੀ ਮਾਰਾਂਗਾ!'' ''ਤਾਂ ਇਸਰਾਏਲ ਅਰ ਯਹੂਦਾਹ ਦੇ ਲੋਕ ਉੱਠੇ ਅਤੇ ਦੂਣ ਤੋੜੀ ਅਤੇ ਅਕਰੋਨ ਦੇ ਫਾਟਕਾਂ ਤੋੜੀ ਵੰਗਾਰ ਕੇ ਫ਼ਲਿਸਤੀਆਂ ਦੇ ਮਗਰ ਪਏ'' (17:52)। ਦਾਊਦ ਦੀ ਉਦਾਹਰਣ ਨਾਲ ਉਹਦੇ ਸਾਥੀ ਇਸਰਾਏਲੀਆਂ ਵਿਚ ਜੋਸ਼ ਆ ਗਿਆ।

ਦਾਊਦ ਦੀ ਇਸ ਜਿੱਤ ਨਾਲ ਬਾਅਦ ਦੀਆਂ ਲੜਾਈਆਂ ਵਿਚ ਵੀ ਦਾਊਦ ਨੂੰ ਦਲੇਰੀ ਮਿਲੀ। ਆਇਤ 54 ਕਹਿੰਦੀ ਹੈ, ''ਅਤੇ ਦਾਊਦ ਉਸ ਫ਼ਲਿਸਤੀ ਦਾ ਸਿਰ ਲੈ ਕੇ ਯਰੂਸ਼ਲਮ ਵਿਚ ਆਇਆ ਪਰ ਉਸ ਦੇ ਸ਼ਸ਼ਤਰਾਂ ਨੂੰ ਉਹਨੇ ਆਪਣੇ ਡੇਰੇ ਵਿਚ ਰੱਖਿਆ।'' ਗੋਲਿਅਥ ਦਾ ਸਿਰ ਯਰੂਸ਼ਲਮ ਵਿਚ ਲਜਾਇਆ ਗਿਆ।[30] (ਉਹਦਾ ਸਿਰ ਦਾਊਦ ਆਪਣੇ ਘਰ ਕਿਉਂ ਨਹੀਂ ਲੈ ਗਿਆ? ਮੈਂ ਇਹ ਕਲਪਨਾ ਨਹੀਂ ਕਰ ਸਕਦਾ ਕਿ ਉਸ ਦੀ ਮਾਂ ਨੇ ਉਸ ਨੂੰ ਘਰ ਵਿਚ ਰੱਖਣ ਦਿੱਤਾ ਹੋਵੇਗਾ!) ਪਰ ਗੋਲਿਅਥ ਦੇ ਹਥਿਆਰ ਦਾਊਦ ਜ਼ਰੂਰ ਆਪਣੇ ਘਰ ਲੈ ਗਿਆ।[31] ਹਰ ਰਾਤ ਸੌਣ ਤੋਂ ਪਹਿਲਾਂ ਦਾਊਦ ਉਨ੍ਹਾਂ ਹਥਿਆਰਾਂ ਨੂੰ ਵੇਖ ਕੇ ਕਹਿੰਦਾ ਹੋਵੇਗਾ, ''ਖ਼ੁਦਾ ਨੇ ਮੈਨੂੰ ਜਿੱਤ ਦੁਆਈ। ਯੁੱਧ ਦਾ ਸੁਆਮੀ ਤਾਂ ਸੱਚਮੁੱਚ ਯਹੋਵਾਹ ਹੀ ਹੈ!'' ਹਰ ਰੋਜ਼ ਸਵੇਰੇ ਉੱਠ ਕੇ ਉਹ ਉਨ੍ਹਾਂ ਨੂੰ ਵੇਖ ਕੇ ਕਹਿੰਦਾ ਹੋਵੇਗਾ, ''ਖ਼ੁਦਾ ਨੇ ਮੈਨੂੰ ਜਿੱਤ ਦੁਆਈ। ਯੁੱਧ ਦਾ ਸੁਆਮੀ ਤਾਂ ਯਹੋਵਾਹ ਹੈ!'' ਸਵੇਰੇ ਸ਼ਾਮ, ਹਰ ਰੋਜ਼ ਉਹ ਯਾਦ ਕਰਦਾ ਕਿ ਜਦ ਤੁਸੀਂ ਖ਼ੁਦਾ ਦੇ ਨਾਲ ਰਹਿੰਦੇ ਹੋ ਤਾਂ ਉਹ ਤੁਹਾਨੂੰ ਫ਼ਤਹਿ ਬਖ਼ਸ਼ਦਾ ਹੈ।

ਜਦ ਵੀ ਖ਼ੁਦਾ ਤੁਹਾਨੂੰ ਕੋਈ ਫ਼ਤਹਿ ਦੁਆਵੇ ਤਾਂ ਆਪਣੇ ਮਨ ਵਿਚ ਉਸ ਜ਼ਬਰਦਸਤ ਘਟਨਾ ਦੀਆਂ ਸਭ ਗੱਲਾਂ ਨੂੰ ਵਸਾ ਲਓ। ਖ਼ੁਦਾ ਨਹੀਂ ਚਾਹੁੰਦਾ ਕਿ ਤੁਸੀਂ ਇਕ ਵੀ ਜਿੱਤ ਨੂੰ ਬੇਕਾਰ ਸਮਝੋ। ਇਸੇ ਲਈ ਉਹ ਕਹਿੰਦਾ ਹੈ, ''ਇਸ ਨੂੰ ਨਾ ਭੁੱਲਣਾ!'' ਭਵਿੱਖ ਵਿਚ ਆਉਣ ਵਾਲੀਆਂ ਲੜਾਈਆਂ ਦਾ ਮੁਕਾਬਲਾ ਕਰਨ ਲਈ ਇਸ ਤੋਂ ਵੱਧ ਸ਼ਕਤੀ ਕਿਤਿਓਂ ਹੋਰ ਨਹੀਂ ਮਿਲ ਸਕਦੀ!

## ਸਾਰ

''ਹੇ ਸਾਡੇ ਸੁਰਗੀ ਪਿਤਾ, ਬਹੁਤ ਸਾਰੇ ਲੋਕਾਂ ਦੇ ਸਾਹਮਣੇ ਅਜਿਹੀਆਂ ਦਿੱਕਤਾਂ ਹਨ ਜਿਹੜੀਆਂ ਉਨ੍ਹਾਂ ਨੂੰ ਕਈ ਵਾਰ ਪਰੇਸ਼ਾਨ ਕਰ ਦਿੰਦੀਆਂ ਹਨ। ਸਾਡੀ ਦੁਆ ਹੈ ਕਿ ਤੂੰ ਹਰ ਕਿਸੇ ਦੇ ਨਾਲ ਹੋ ਕੇ ਉਸ ਨੂੰ ਸ਼ਕਤੀ ਦੇ। ਸਾਡੀ ਮਦਦ ਕਰ ਕਿ ਅਸੀਂ ਜ਼ਿੰਦਗੀ ਦੀ ਕਿਸੇ ਵੀ ਗੱਲ ਲਈ ਤਿਆਰ ਹੋਣ ਵਾਸਤੇ ਪੂਰੀ ਕੋਸ਼ਿਸ਼ ਕਰੀਏ, ਪਰ ਅਖ਼ੀਰ ਵਿਚ ਸਾਨੂੰ ਸਿਖਾ ਕਿ ਅਸੀਂ ਤੇਰੇ ਉੱਤੇ ਨਿਰਭਰ ਰਹਿ ਸਕੀਏ। ਤਾਂ ਜੋ ਫ਼ਤਹਿ ਸਾਡੀ ਹੋਵੇ। ਸਾਨੂੰ ਇਹ ਜਾਣਨ ਵਿਚ ਮਦਦ ਕਰ ਕਿ ਜੇ ਤੂੰ ਸਾਡੇ ਨਾਲ ਹੈਂ ਤਾਂ ਕੁਝ ਵੀ ਨਾਮੁਮਕਿਨ ਨਹੀਂ ਹੈ। ਸਭ ਨੂੰ ਆਪਣੀ ਬਰਕਤ ਨਾਲ ਭਰਪੂਰ ਕਰ। ਇਹ ਸਭ ਮੰਗਦੇ ਹਾਂ ਯਿਸੂ ਮਸੀਹ ਦੇ ਨਾਮ ਵਿਚ। ਆਮੀਨ।''

ਦਿਓਆਂ ਨਾਲ ਜੰਗ ਕਰਨੀ ਇਕੱਲੇ ਦਾ ਕੰਮ ਨਹੀਂ ਹੋ ਸਕਦਾ। ਜਦ ਦਾਊਦ ਨੇ ਲੜਾਈ ਦੇ ਮੈਦਾਨ ਵਿਚ ਕਦਮ ਰੱਖਿਆ, ਤਾਂ ਸ਼ਾਊਲ ਅਤੇ ਉਹਦੀ ਫ਼ੌਜ ਉਹਦੇ ਨਾਲ ਨਹੀਂ ਸਨ। ਉਹ ਇਕੱਲਾ ਸੀ, ਸਿਰਫ਼ ਖ਼ੁਦਾ ਉਹਦੇ ਨਾਲ ਸੀ। ਦਿਓਆਂ ਦਾ ਮੁਕਾਬਲਾ ਕਰਨ ਲਈ ਤੁਹਾਨੂੰ ਖ਼ੁਦਾ ਦੇ ਸਾਥ ਦੀ ਹੀ ਲੋੜ ਹੈ।

---

ਟਿੱਪਣੀਆਂ

[1]ਇਸ ਸਰਮਨ ਵਿਚ ਵਰਤੀ ਗਈ ਜ਼ਿਆਦਾਤਰ ਸਮੱਗਰੀ ਕਈ ਸਰੋਤਾਂ ਵਿਚ ਮਿਲਦੀ ਹੈ, ਮੈਂ ਮੂਲ ਸਰੋਤ ਨੂੰ ਸਿਹਰਾ ਨਹੀਂ ਦੇ ਸਕਦਾ। [2]ਫ਼ਲਿਸਤੀਆਂ ਨਾਲ ਲੜਾਈ ਚੱਲਦੀ ਰਹਿੰਦੀ ਸੀ (ਵੇਖੋ 1 ਸਮੂਏਲ 14:52)। ਤਕਰੀਬਨ ਇੱਕੀ ਸਾਲ ਪਹਿਲਾਂ ਸ਼ਾਊਲ ਨੇ ਫ਼ਲਿਸਤੀਆਂ ਨੂੰ ਮਿਕਮਾਸ਼ ਵਿਚ ਹਰਾਇਆ ਸੀ। [3]ਏਲਾਹ ਘਾਟੀ ਯਹੂਦਾ ਦੇ ਉੱਤਰ ਪੱਛਮ ਵੱਲ ਸੀ। ਉਹ ਫ਼ਲਸਤੀਨ ਦੇ ਮੈਦਾਨੀ ਇਲਾਕੇ ਤੋਂ ਯਹੂਦਾ ਦੀਆਂ ਪਹਾੜੀਆਂ ਤਕ ਫੈਲਿਆ ਹੋਇਆ ਇਕ ਵੱਡਾ ਦੱਰਾ ਸੀ। [4]''ਹੱਥ'' ਕੂਹਣੀ ਤੋਂ ਲੈਕੇ ਵੱਡੀ ਉਂਗਲ ਦੇ ਸਿਰੇ ਤਕ ਤਕਰੀਬਨ 18 ਇੰਚ ਹੁੰਦਾ ਸੀ। ''ਗਿੱਠ'' ਹੱਥ ਦੀ ਚੌੜਾਈ ਨੂੰ ਆਖਿਆ ਜਾਂਦਾ ਸੀ ਜੋ ਤਕਰੀਬਨ ਪੰਜ ਇੰਜ ਹੁੰਦੀ ਸੀ। ਅੱਜ ਬਾਸਕਟਬਾਲ ਦਾ ਸਭ ਤੋਂ ਲੰਮਾ ਖਿਡਾਰੀ ਸੱਤ ਫੁੱਟ ਤੋਂ ਥੋੜਾ ਜਿਹਾ ਵੱਧ ਹੋਵੇਗਾ। ਦੁਨੀਆਂ ਦਾ ਸਭ ਤੋਂ ਲੰਮਾ ਆਦਮੀ ਅੱਠ ਫੁੱਟ ਤੋਂ ਥੋੜ੍ਹਾ ਕੁ ਵੱਧ ਹੈ। ਗੋਲੀਅਥ ਲੰਮਾ ਆਦਮੀ ਸੀ! ਸੰਜੋਗ ਨਾਲ ਪੁਰਾਤੱਤਵ ਵਿਗਿਆਨੀਆਂ ਨੂੰ ਜਿੱਥੇ ਫ਼ਲਿਸਤੀ ਲੋਕ ਰਹਿੰਦੇ ਸਨ, ਐਨੇ ਕੁ ਅਕਾਰ ਦੇ ਪਿੰਜਰ ਮਿਲੇ ਹਨ। [5]ਇਹ ਬੇਤੁਕਾ ਅੰਦਾਜ਼ਾ ਨਹੀਂ ਹੈ ਜਦ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਉਹ 200 ਪੌਂਡ ਤੋਂ ਵੱਧ ਭਾਰਾ ਹਥਿਆਰ ਲੈ ਕੇ ਚੱਲਦਾ ਸੀ। [6]ਉਸ ਦੀਆਂ ਲੱਤਾਂ ਉੱਤੇ ਪਿੱਤਲ ਦੇ ਕਵਚ ਹੁੰਦੇ ਸਨ (17:6); ਉਹ ਉਹਦੇ ਗੋਡਿਆਂ ਤੋਂ ਹੇਠਾਂ ਅਗਲੀ ਹੱਡੀ ਦੀ ਰਾਖੀ ਲਈ ਸਨ। [7]ਉਹਦੇ ਲਈ ਚਮੜੇ ਦਾ ਇਕ ਖ਼ਾਸ ਸੂਟ ਬਣਾਇਆ ਗਿਆ ਸੀ। ਫਿਰ ਚਮੜੇ ਵਰਗੀ ਪੱਤਰਿਆਂ ਉੱਤੇ ਧਾਤੂ ਦੀਆਂ ਪਲੇਟਾਂ ਬੰਨੀਆਂ ਗਈਆਂ ਸਨ, ਇਹ ਕਵਚ ਗੋਡਿਆਂ ਤਕ ਹੁੰਦਾ ਸੀ। [8]ਵੱਖ-ਵੱਖ ਦੇਸ਼ਾਂ ਵਿਚ ਭਾਰ ਦੇ ਮਾਪ ਵੱਖ-ਵੱਖ ਹੁੰਦੇ ਹਨ,ਇਸ ਕਰਕੇ ਪੰਜ ਹਜ਼ਾਰ ਸ਼ੇਕੇਲ ਪਿੱਤਲ ਦਾ ਸਹੀ-ਸਹੀ ਵਜ਼ਨ ਨਹੀਂ ਦੱਸਿਆ ਜਾ ਸਕਦਾ (17:5)। ਕੁਝ ਲੋਕਾਂ ਦਾ ਕਿਆਫ਼ਾ ਹੈ ਕਿ ਇਹ 200 ਪੌਂਡ ਦੇ ਕਰੀਬ ਹੋਵੇਗਾ। [9]ਟਿੱਪਣੀ 8 ਵੇਖੋ। ਛੇ ਸੌ ਸ਼ੇਕੇਲ ਵਜ਼ਨ ਸਿਰਫ਼ ਅੰਦਾਜ਼ਾ ਹੀ ਹੈ (17:7)। ਕਈਆਂ ਦਾ ਅੰਦਾਜ਼ਾ ਹੈ ਕਿ ਇਹ 25

ਪੌਂਡ ਹੋਵੇਗਾ। [10]ਕੁਝ ਲੇਖਕ ਉਸ ਦੀ ਉਮਰ ਵੀਹ ਦੇ ਕਰੀਬ ਦੱਸਦੇ ਹਨ।

[11]ਸ਼ਾਊਲ ਕਿਸੇ ਬਦਸੂਰਤ ਬੇਟੀ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ। ਇਹ ਚੋਗਾ ਪਾਉਣ ਵਾਲੀ ਗੱਲ ਸੀ। ਬਾਦਸ਼ਾਹ ਦੀ ਬੇਟੀ ਨਾਲ ਵਿਆਹ ਕਰਨ ਦਾ ਮਤਲਬ ਸ਼ਾਹੀ ਪਰਿਵਾਰ ਦੇ ਮੈਂਬਰ ਬਣਨਾ ਸੀ। [12]ਦ ਬਾਰਕਲੇ ਵਰਜ਼ਨ ਇਨ ਮੌਡਰਨ ਇੰਗਲਿਸ਼ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੌਂਡਰਵਨ, 1960) ਵਿਚ "ਤੂੰ ਇੱਥੇ *ਕੀ ਲੈਣ* ਆਇਆ ਹੈਂ?" ਹੈ। [13]ਇਹ ਗੱਲ ਸਾਨੂੰ ਕਲੀਸੀਆ ਵਿਚ ਸਿੱਖਣੀ ਜ਼ਰੂਰੀ ਹੈ। ਕਈ ਵਾਰ ਅਸੀਂ ਉਨ੍ਹਾਂ ਦਿਓਆਂ ਵੱਲ ਧਿਆਨ ਦੇਣ ਦੀ ਥਾਂ ਆਪਣੇ ਆਪ ਨਾਲ ਹੀ ਲੜਦੇ ਹਾਂ! [14]ਇਹ ਅਧਿਆਇ 1 ਸਮੂਏਲ 16:7 ਦੀ ਸੱਚਾਈ ਨੂੰ ਸਮਝਾਉਂਦਾ ਹੈ। [15]ਸੀ. ਐੱਚ. ਸਪਰਜਨ, *ਦ ਟਰੱਯਰੀ ਆਫ਼ ਦ ਬਾਈਬਲ,* ਜ਼ਿਲਦ 1 (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੌਂਡਰਵਨ, 1968), 660. [16]ਕੁਝ ਲੋਕਾਂ ਦਾ ਸੁਝਾਅ ਹੈ ਕਿ ਸ਼ਾਊਲ ਨੂੰ ਪਤਾ ਸੀ ਕਿ ਦਾਊਦ ਨਵੇਂ ਬਾਦਸ਼ਾਹ ਦੇ ਤੌਰ ਤੇ ਮਸਹ ਹੋ ਚੁੱਕਿਆ ਹੈ ਅਤੇ ਸ਼ਾਊਲ ਨੇ ਇਹ ਸੋਚ ਕੇ ਕਿ ਉਹ ਮਾਰਿਆ ਜਾਵੇ ਉਸ ਨੂੰ ਉਸ ਦਿਓ ਨਾਲ ਲੜਨ ਦੀ ਇਜਾਜ਼ਤ ਦੇ ਦਿੱਤੀ। ਮੈਨੂੰ ਲਗਦਾ ਹੈ ਕਿ ਸ਼ਾਊਲ ਦੇ ਬਾਅਦ ਦੇ ਕੰਮ ਇਸ ਪ੍ਰੇਰਣਾ ਨਾਲ ਮੇਲ ਨਹੀਂ ਖਾਂਦੇ। ਇਕ ਹੋਰ ਸੁਝਾਅ ਦਿੱਤਾ ਗਿਆ ਹੈ ਕਿ ਦਾਊਦ ਐਨਾ ਜ਼ਿੱਦੀ ਸੀ ਕਿ ਸ਼ਾਊਲ ਨੇ ਅਖੀਰ ਉਹਦੀ ਗੱਲ ਮੰਨ ਹੀ ਲਈ ਭਾਵੇਂ ਸ਼ਾਊਲ ਨੂੰ ਲਗਦਾ ਸੀ ਕਿ ਉਸ ਨਾਲ ਗੱਲ ਨਹੀਂ ਬਣੇਗੀ। ਠੀਕ ਹੈ, ਠੀਕ ਹੈ, ਜਾ ਅਤੇ ਤੂੰ ਵੀ ਕੋਸ਼ਿਸ਼ ਕਰਕੇ ਵੇਖ ਲੈ। [17]ਸੁਝਾਅ ਦਿੱਤਾ ਗਿਆ ਹੈ ਕਿ ਸ਼ਾਊਲ ਨੇ ਦਾਊਦ ਦਾ ਹੌਸਲਾ ਡੇਗਣ ਲਈ ਆਪਣਾ ਲਿਬਾਸ ਪੁਆਇਆ, ਤਾਂ ਜੋ ਉਹਨੂੰ ਪਤਾ ਲਗ ਜਾਵੇ ਕਿ ਜੰਗ ਵਿਚ ਹਿਫ਼ਾਜ਼ਤ ਲਈ ਉਹ ਲੋੜੀਂਦਾ ਲਿਬਾਸ ਨਹੀਂ ਪਾ ਸਕਦਾ। [18]1 ਸਮੂਏਲ 17:40 ਵਾਲੀ "ਲਾਠੀ" ਸੰਭਵ ਤੌਰ ਤੇ ਚਰਵਾਹੇ ਦੀ ਲਾਠੀ ਨੂੰ ਕਿਹਾ ਗਿਆ ਹੈ, ਜਿਸਨੂੰ ਉਹ ਨਾਲ ਰੱਖਦਾ ਸੀ। [19]ਇਹ ਕਹਾਣੀ ਲਿੰਨ ਐਂਡਰਸਨ, "ਫੇਸਿੰਗ ਜਾਇੰਟਸ" (ਪੰਨਾ ਨਹੀਂ, ਮਿਤੀ ਨਹੀਂ), ਸਾਊਂਡ ਕੈਸੇਟਸ ਤੋਂ ਲਈ ਗਈ। [20]ਇਹ ਪੱਥਰ ਵਗਦੇ ਪਾਣੀ ਵਿਚ ਘਸ-ਘਸ ਕੇ ਗੋਲ ਹੋ ਗਏ ਹੋਣਗੇ। ਇਹੋ ਜਿਹੇ ਪੱਥਰ ਨਿਸ਼ਾਨਾ ਲਾਉਣ ਲਈ ਬਹੁਤ ਸਹੀ ਹੋ ਸਕਦੇ ਸਨ।

[21]ਇਹ ਨਾਲਾ ਜੋ ਅੱਜ ਵੀ ਘਾਟੀ ਵਿਚ ਵਗਦਾ ਹੈ, ਸਾਲ ਵਿਚ ਜ਼ਿਆਦਾਤਰ ਸੁੱਕਾ ਹੀ ਰਹਿੰਦਾ ਹੈ। [22]ਕਿਸੇ ਨੇ ਇਸ ਨੂੰ ਗੁਮਰਾਹਕੁਨ ਜੇਟ ਤੋਂ ਮਿਲਣ ਲਈ ਇਕ ਖ਼ਤਰਨਾਕ ਬੰਬ ਚਲਾਉਣ ਵਾਲੇ ਦੇ ਰੂਪ ਵਿਚ ਵਿਖਾਇਆ ਹੈ। [23]ਗੋਲੀਅਥ ਦਾਊਦ ਦੀ ਲਾਸ਼ ਜਾਨਵਰਾਂ ਨੂੰ ਖਾਣ ਲਈ ਦੇਣ ਦੀ ਗੱਲ ਕਹਿ ਕੇ ਉਸ ਨੂੰ ਲੜਾਈ ਦੇ ਮੈਦਾਨ ਛੱਡ ਦੇਣ ਦੀ ਧਮਕੀ ਦੇ ਰਿਹਾ ਸੀ। [24]ਕਈ ਪ੍ਰਚਾਰਕ ਇਸ ਨੂੰ ਇਵੇਂ ਆਖਦੇ ਹਨ, "ਮੈਂ ਤੇਰੀ ਧੌਣ ਐਨੀ ਅਸਾਨੀ ਨਾਲ ਲਾਹ ਸਕਦਾ ਹਾਂ ਕਿ ਤੈਨੂੰ ਛਿੱਕ ਵੀ ਨਾ ਆਉਣ ਦਿਆਂ।" [25]"ਵਿਸ਼ਵਾਸ ਹੀ ਫ਼ਤਹਿ ਹੈ" ਇਸ ਪਾਠ ਤੋਂ ਪਹਿਲਾਂ ਗਾਉਣ ਲਈ ਵਧੀਆ ਗੀਤ ਹੈ। [26]ਲੋਹੇ ਦੇ ਬਣੇ ਹਥਿਆਰਾਂ ਉੱਤੇ ਫ਼ਲਿਸਤੀਆਂ ਦਾ ਹੱਕ ਸੀ (ਵੇਖੋ 1 ਸਮੂਏਲ 13:19-22)। [27]ਲਿੰਨ ਐਂਡਰਸਨ, *ਫ਼ਾਈਡਿੰਗ ਦ ਹਾਰਟ ਟੂ ਗੋ ਆਨ* (ਸਨ ਬੈਰਨਾਰਡਿਨੋ, ਕੈਲੀ.: ਹੇਅਰ'ਜ਼ ਲਾਈਫ਼ ਪਬਲਿਸ਼ਰਜ਼, 1991), 44. [28]ਫ਼ਲਿਸਤੀਨ ਵਿਚ ਹੋਰ ਵੀ ਯੋਧੇ *ਸਨ* (2 ਸਮੂਏਲ 21:15-22)। ਬਾਅਦ ਵਿਚ ਜਿਨ੍ਹਾਂ ਨੂੰ ਹਰਾ ਦਿੱਤਾ ਗਿਆ; ਇਹ ਦਾਊਦ ਦੀ ਵਿਰਾਸਤ ਸੀ। (ਇਸ ਸਬੰਧ ਵਿਚ ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਕਿਸੇ ਹੋਰ ਵੱਲੋਂ ਇਕ ਦਿਓ ਨੂੰ ਮਾਰਿਆ ਗਿਆ ਸੀ ਅਤੇ ਉਹਦਾ ਨਾਂਅ ਵੀ ਗੋਲੀਅਥ ਸੀ। ਵੇਖੋ 2 ਸਮੂਏਲ 21:19.) [29]ਫ਼ਲਿਸਤੀਆਂ ਨੇ ਆਪਣੇ ਜਰਨੈਲ ਦੇ ਮਾਰੇ ਜਾਣ ਦੇ ਬਾਅਦ ਇਸਰਾਏਲੀਆਂ ਅੱਗੇ ਸਮਰਪਣ ਕਰਕੇ ਉਨ੍ਹਾਂ ਦੇ ਦਾਸ ਬਣ ਜਾਣਾ ਸੀ। ਫ਼ਲਿਸਤੀਆਂ ਨੂੰ ਐਨਾ ਸਨਮਾਨ ਮਿਲਿਆ ਸੀ। [30]ਦਾਊਦ ਨੇ ਬਾਦਸ਼ਾਹ ਬਣਨ ਤੋਂ ਪਹਿਲਾਂ ਯਰੂਸ਼ਲਮ ਉੱਤੇ ਕਬਜ਼ਾ ਨਹੀਂ ਕੀਤਾ (2 ਸਮੂਏਲ 5:6-10)। ਇਸ ਕਰਕੇ ਯਰੂਸ਼ਲਮ ਵਿਚ ਗੋਲੀਅਥ ਦਾ ਸਿਰ ਲਿਆਉਣ ਦੀ ਗੱਲ ਸੰਭਵ ਹੋਣ ਤੇ ਇਸ ਗੱਲ ਦਾ ਅੰਦਾਜ਼ਾ ਹੈ ਕਿ ਕਈ ਸਾਲਾਂ ਬਾਅਦ ਕੀ ਹੋਇਆ ਸੀ।

[31]ਉਹ ਤਲਵਾਰ ਹੈਕਲ ਵਿਚ ਰੱਖੀ ਗਈ ਸੀ (1 ਸਮੂਏਲ 21:8, 9), ਇਸ ਕਰਕੇ ਕਈਆਂ ਦਾ ਅੰਦਾਜ਼ਾ ਹੈ ਕਿ "ਉਸ ਤੇ ਡੇਰੇ" ਦਾ ਸੰਕੇਤ ਦਾਊਦ ਦੀ ਥਾਂ ਹੈਕਲ ਵੱਲ ਹੈ। ਹੋ ਸਕਦਾ ਹੈ ਦਾਊਦ ਪਹਿਲਾਂ ਉਹ ਹਥਿਆਰ ਲੈ ਗਿਆ ਹੋਵੇ, ਅਤੇ ਫਿਰ ਬਾਅਦ ਵਿਚ ਉਹਨੂੰ ਹੈਕਲ ਨੂੰ ਦਾਨ ਕਰਨ ਦਾ ਵਿਚਾਰ ਆਇਆ ਤਾਂ ਜੋ ਪੂਰਾ ਇਸਰਾਏਲ ਉਤਸ਼ਾਹਿਤ ਹੋਵੇ। ਧਿਆਨ ਦਿਓ ਕਿ "ਡੇਰਾ" ਸ਼ਬਦ ਤੋਂ ਭਾਵ ਕਈ ਵਾਰ "ਘਰ" ਲਈ ਵੀ ਹੁੰਦਾ ਹੈ (1 ਸਮੂਏਲ 13:2; ਆਦਿ)।